# ਅਧਿਆਇ 38

# ਯਹੋਵਾਹ ਦੀ ਪਹਿਲੀ ਗੱਲ

## (ਭਾਗ 1)

ਜਿਵੇਂ ਹੀ ਯਹੋਵਾਹ ਨੇ ਅੱਯੂਬ ਨੂੰ ਵਾਵਰੋਲੇ ਦੇ ਵਿੱਚੋਂ ਉੱਤਰ ਦਿੱਤਾ (38:1-41:34), ਤਾਂ ਸੁਰਗ ਦੀ ਚੁੱਪ ਟੁੱਟ ਗਈ! ਯਹੋਵਾਹ ਆਪਣੇ ਦੁਖੀ ਸੇਵਕ ਦੇ ਨਾਲ ਗੱਲ ਕਰਨ ਦੇ ਲਈ ਤਿਆਰ ਹੋ ਗਿਆ। ਅੰਤ ਵਿਚ, ਅੱਯੂਬ ਦੀ ਇੱਛਾ ਪੂਰੀ ਹੋ ਗਈ ਸੀ। ਫਿਰ ਵੀ, ਪਰਮੇਸ਼ੁਰ ਦਾ "ਉੱਤਰ" ਉਸ ਤੋਂ ਕਿਤੇ ਦੂਰ ਸੀ ਜੋ ਅੱਯੂਬ ਨੇ ਉਮੀਦ ਕੀਤੀ ਸੀ। ਉਸ ਨੇ ਧਰਮੀ ਲੋਕਾਂ ਦੇ ਦੁੱਖ ਦੇ ਵਿਸ਼ੇ ਵਿਚ ਨਹੀਂ ਦੱਸਿਆ। ਇਸ ਦੀ ਬਜਾਇ, ਉਸ ਨੇ ਅੱਯੂਬ ਨੂੰ ਬੁਲਾਇਆ (ਅਤੇ ਉਨ੍ਹਾਂ ਸਭ ਨੂੰ ਵੀ ਜੋ ਇਸ ਸ਼ਾਨਦਾਰ ਉਪਦੇਸ਼ਾਂ ਨੂੰ ਪੜ੍ਹਦੇ ਹਨ) ਤਾਂ ਕਿ ਉਹ ਰੱਬੀ ਦ੍ਰਿਸ਼ਟੀਕੋਣ ਦੇ ਨਾਲ ਇਸ ਸੰਸਾਰ ਨੂੰ ਵੇਖਣ। ਵਿਲੀਅਮ ਡੀ. ਰੀਬਰਨ ਨੇ ਲਿਖਿਆ,

> ਅੰਤ ਵਿਚ ਪਰਮੇਸ਼ੁਰ ਦ੍ਰਿਸ਼ ਵਿਚ ਪਰਗਟ ਹੋਇਆ ਅਤੇ ਬਹੁਤ ਸਾਰੀਆਂ ਚੁਣੌਤੀਆਂ ਦੇ ਨਾਲ ਅੱਯੂਬ ਦਾ ਸਾਹਮਣਾ ਕੀਤਾ। ਇਹ ਚੁਣੌਤੀਆਂ ਪ੍ਰਸ਼ਨਾਂ ਦੇ ਰੂਪ ਵਿਚ ਹਨ ਜੋ ਅੱਯੂਬ ਨੂੰ ਉਸ ਦੀ ਬੁੱਧੀ, ਜਾਂ ਇਸ ਦੀ ਘਾਟ ਬਾਰੇ ਦੱਸਣ ਲਈ ਸੱਦਾ ਦਿੰਦੀਆਂ ਹਨ। ਅੱਯੂਬ ਦੇ ਲਈ ਪਰਮੇਸ਼ੁਰ ਦੇ ਪ੍ਰਸ਼ਨਾਂ ਦਾ ਉਦੇਸ਼ ਇਸ ਮੁਸ਼ਕਲ ਦਾ ਉੱਤਰ ਦੇਣਾ ਨਹੀਂ ਹੈ ਕਿ ਆਮ ਤੌਰ ਤੇ ਨਿਰਦੋਸ਼ ਲੋਕ ਪੀੜਿਤ ਕਿਉਂ ਹੁੰਦੇ ਹਨ, ਨਾ ਹੀ ਇਹ ਕਿ ਅੱਯੂਬ ਨੂੰ ਅਜਿਹਾ ਦੁੱਖ ਕਿਉਂ ਭੋਗਣਾ ਪਿਆ, ਪਰ ਇਸ ਦੀ ਬਜਾਇ ਬ੍ਰਹਿਮੰਡ ਦੇ ਮਹਾਨ ਨਮੂਨੇ ਦੀ ਰੌਸ਼ਨੀ ਵਿਚ ਅੱਯੂਬ ਦੀ ਉਸ ਦੇ ਮੁਕੱਦਮੇ ਦੀ ਸਮਝ ਲਈ ਅਗਵਾਈ ਕਰਨਾ ਹੈ ਜੋ ਪਰਮੇਸ਼ੁਰ ਨੇ ਬਣਾਇਆ ਹੈ।[1]

ਜਦੋਂ ਕੋਈ ਪ੍ਰਭੂ ਦੀ ਪਹਿਲੀ ਗੱਲਬਾਤ ਨੂੰ ਪੜ੍ਹਨਾ ਆਰੰਭ ਕਰਦਾ ਹੈ, ਉਹ ਤੁਰੰਤ ਅੱਯੂਬ ਨੂੰ ਤੇਜ਼ ਕ੍ਰਮ ਦੇ ਵਿਚ ਪੁੱਛੇ ਗਏ ਪ੍ਰਸ਼ਨਾਂ ਵਿਚ ਵਿਅੰਗ ਦੀ ਵਰਤੋਂ ਬਾਰੇ ਸੋਚਦਾ ਹੈ। ਐਡਵਿਨ. ਐਮ. ਗੁੱਡ ਨੇ ਸ਼ੁਰੂਆਤੀ ਗੱਲਬਾਤ ਨੂੰ ਰੱਬੀ ਵਿਅੰਗ ਦੀ ਪ੍ਰਦਰਸ਼ਨੀ ਵਜੋਂ ਵੇਖਿਆ ਜੋ ਵਿਅੰਗਾਤਮਕ ਸੀ।[2] ਰੌਬਰਟ ਐੱਚ. ਪਫੀਫਰ ਨੇ ਪੁਸਤਕ ਦੇ ਸਾਹਿਤਿਕ ਵਿਸ਼ਲੇਸ਼ਣ ਵਿਚ ਇਕ ਕਦਮ ਹੋਰ ਅੱਗੇ ਵਧਾਇਆ ਅਤੇ ਦੋਸ਼ ਲਾਇਆ ਕਿ ਪਰਮੇਸ਼ੁਰ ਨੇ ਅੱਯੂਬ ਨੂੰ "ਵਿਅੰਗਾਤਮਕ ਪ੍ਰਸ਼ਨਾਂ ਦੀ ਇਕ ਲੜੀ" ਨਾਲ ਸੰਬੋਧਤ ਕੀਤਾ।[3] ਆਰ. ਏ. ਐੱਫ਼. ਮੈਕੈਂਜ਼ੀ ਇਸ ਮੁਲਾਂਕਣ ਦੇ ਨਾਲ ਸਹਿਮਤ ਨਹੀਂ ਸੀ। ਉਸ ਨੇ ਟਿੱਪਣੀ ਕੀਤੀ ਕਿ "ਵਿਅੰਗ ਦਾ ਅਰਥ ਹੈ ਈਰਖਾ ਜਾਂ ਨਫ਼ਰਤ ਅਤੇ ਯਹੋਵਾਹ ਦੀਆਂ ਗੱਲਾਂਬਾਤਾਂ ਵਿਚ ਇਸ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ।"[4] ਦੂਜੇ ਪਾਸੇ, ਤਾਅਨਾ, ਵਿਅੰਗ ਨਾਲੋਂ ਵਧੇਰੇ ਸਹਿਣਸ਼ੀਲ ਹੈ ਅਤੇ ਕ੍ਰੋਧ ਨੂੰ ਬਾਹਰ ਕੱਢਦਾ ਹੈ। ਮੈਕੈਂਜ਼ੀ ਨੇ ਤਾਹਨੇ ਨੂੰ, ਇਕ ਰਚਨਾਤਮਕ ਜੀਵ ਦੇ ਰੂਪ ਵਿਚ ਅੱਯੂਬ ਨੂੰ ਉਸ ਦੇ ਆਪਣੇ ਸੁਭਾਓ ਨੂੰ ਪ੍ਰਭਾਵਿਤ ਕਰਨ ਦੇ ਦੋਹਰੇ ਉਦੇਸ਼ ਦੀ ਸੇਵਾ ਕਰਨ ਦੇ ਰੂਪ ਵਿਚ ਵੇਖਿਆ ਅਤੇ ਇਹ ਸਾਨੂੰ ਇਹ ਵੀ ਸਪੱਸ਼ਟ ਕਰ ਰਿਹਾ ਹੈ ਕਿ ਇਹ ਪਰਮੇਸ਼ੁਰ ਦੀ ਕਿਰਪਾ ਦਾ ਇਕ

ਆਧਾਰ ਹੈ।[5] ਗੁੱਡ ਨੇ ਪੁਸ਼ਟੀ ਕੀਤੀ ਕਿ ਵਿਅੰਗ ਦੋ ਤਰ੍ਹਾਂ ਨਾਲ ਹੋਰ ਅਸੰਗਤੀ ਤੋਂ ਵੱਖਰੀ ਹੈ:

> ਇਕ ਕਥਨ ਦਾ ਸਾਧਨ ਹੈ, ਜਿਸ ਦਾ ਅਸੀਂ ਸਾਦੇ ਕਥਨ ਦੀ ਬਜਾਇ ਸਮਝ ਜਾਂ ਸੁਝਾਅ ਦੀ ਇਕ ਵਿਧੀ ਦੇ ਰੂਪ ਵਿੱਚ ਵਰਣਨ ਕਰ ਸਕਦੇ ਹਾਂ। ਦੂਸਰਾ ਸੱਚਾਈ ਵਿਚ ਇਕ ਰੁਖ ਹੈ ਜਿਸ ਤੋਂ ਧਾਰਣਾ ਆਉਂਦੀ ਹੈ। … ਸੱਚਾਈ ਦਾ ਦਰਸ਼ਣ ਵਿਅੰਗਾਤਮਕ ਆਲੋਚਨਾ ਵਿਅੰਗਾਤਮਕ ਜਾਂ ਨਾਸ਼ਵਾਦੀ ਹੋਣ ਤੋਂ ਰੋਕਦੀ ਹੈ। ਇਸ ਲਈ, ਇਹ ਸਿਰਫ ਵਿਰੋਧ ਹੀ ਨਹੀਂ ਹੈ ਪਰ ਪ੍ਰਤੀਵਾਦ ਵੀ ਹੈ, ਸ਼ਬਦ ਦੇ ਅਰਥਾਂ ਵਿਚ: ਇਕ ਚੀਜ਼ ਦੇ ਹੱਕ ਵਿਚ ਦੂਸਰੀ ਦੇ ਵਿਰੁੱਧ ਗਵਾਹੀ ਦੇਣਾ।[6]

ਯਹੋਵਾਹ ਦੀ ਪਹਿਲੀ ਗੱਲਬਾਤ ਵਿਚ ਹੇਠ ਲਿਖੇ ਉਦੇਸ਼ ਸਪੱਸ਼ਟ ਹਨ (38:1-40:2):

*ਮਨੁੱਖ ਦੀ ਦ੍ਰਿਸ਼ਟੀ ਦੀ ਇਕ ਪਛਾਣ*/ ਅੱਯੂਬ ਨੇ ਬ੍ਰਹਿਮੰਡ ਦੇ ਪਰਮੇਸ਼ੁਰ ਦੇ ਪ੍ਰਬੰਧਨ ਵਿਚ ਨੁਕਸ ਲੱਭਿਆ ਸੀ (24:1)। ਉਸ ਨੇ ਇਸ਼ਾਰਾ ਦਿੱਤਾ ਕਿ ਜੋ ਕੁਝ ਵੀ ਧਰਤੀ ਤੇ ਹੋ ਰਿਹਾ ਹੈ ਪਰਮੇਸ਼ੁਰ ਉਸ ਸਭ ਤੋਂ ਅਣਜਾਣ ਹੈ। ਲਗਭਗ ਸੱਠ ਪ੍ਰਸ਼ਨਾਂ ਦੀ ਲੜੀ ਰਾਹੀਂ, ਪ੍ਰਭੂ ਨੇ ਅੱਯੂਬ ਦੇ ਕੋਲੋਂ ਬ੍ਰਹਿਮੰਡ ਦੇ ਬਾਰੇ ਪੁੱਛ-ਗਿੱਛ ਕੀਤੀ। ਅੱਯੂਬ ਨੂੰ ਆਪਣੀ ਲਾਪਰਵਾਹੀ ਨੂੰ ਸਵੀਕਾਰ ਕਰਨ ਦੀ ਲੋੜ ਸੀ। ਉਹ ਨਹੀਂ ਜਾਣਦਾ ਸੀ ਕਿ ਬ੍ਰਹਿਮੰਡ ਦਾ ਸੰਚਾਲਨ ਕਿਵੇਂ ਕੀਤਾ ਜਾਂਦਾ ਸੀ, ਪਰ, ਫਿਰ ਵੀ ਉਸ ਨੇ ਕਬੂਲ ਕੀਤਾ ਕਿ ਇਸ ਵਿਚ ਵਿਵਸਥਾ ਅਤੇ ਨਮੂਨੇ ਦੀ ਲੋੜ ਸੀ। ਸਿਰਜਣਾ ਸਿਰਜਣਹਾਰ ਵੱਲ ਇਸ਼ਾਰਾ ਕਰਦੀ ਹੈ।

*ਜੰਗਲੀ ਜਾਨਵਰਾਂ ਲਈ ਯਹੋਵਾਹ ਦੀ ਰੱਬੀ ਦੇਖਭਾਲ*/ ਪਰਮੇਸ਼ੁਰ ਨੇ ਉਨ੍ਹਾਂ ਜਾਨਵਰਾਂ ਦੀਆਂ ਮਿਸਾਲਾਂ ਚੁਣੀਆਂ ਜਿਨ੍ਹਾਂ ਉੱਤੇ ਮਨੁੱਖ ਦਾ ਕੋਈ ਵੱਸ ਨਹੀਂ ਸੀ। ਅੱਯੂਬ ਉਨ੍ਹਾਂ ਦੇ ਸੁਭਾਓ, ਉਤਪਤੀ ਅਤੇ ਉਨ੍ਹਾਂ ਨੂੰ ਨਿਯੰਤਤ੍ਰਿਤ ਕਰਨ ਵਾਲੇ ਕਾਨੂਨਾਂ ਦੀ ਵਿਆਖਿਆ ਨਾ ਕਰ ਸਕਿਆ। ਉਹ ਜਾਨਵਰਾਂ ਦੀਆਂ ਅਸਧਾਰਣ ਪ੍ਰਵਿਰਤੀਆਂ ਵਿਚ ਅਰਥ ਦੀ ਗਹਿਰਾਈ ਨੂੰ ਨਹੀਂ ਸਮਝ ਸਕਿਆ, ਫਿਰ ਵੀ ਪਰਮੇਸ਼ੁਰ ਉਨ੍ਹਾਂ ਦੀ ਦੇਖਭਾਲ ਕਰਦਾ ਹੈ।[7]

*ਯਹੋਵਾਹ ਦਾ ਆਤਮ-ਪਰਕਾਸ਼/* ਅੱਯੂਬ ਨੇ ਪਰਮੇਸ਼ੁਰ ਤੋਂ ਦੂਰ ਹੋਣ ਦੀ ਗਹਿਰੀ ਭਾਵਨਾ ਨੂੰ ਮਹਿਸੂਸ ਕੀਤਾ (6:2-7)। ਉਸ ਨੇ ਸੋਚਿਆ ਕਿ ਪਰਮੇਸ਼ੁਰ ਨੇ ਉਸ ਨੂੰ ਛੱਡ ਦਿੱਤਾ ਸੀ। ਯਹੋਵਾਹ ਦੀ ਦਿੱਖ ਅੱਯੂਬ ਅਤੇ ਪਰਮੇਸ਼ੁਰ ਵਿਚਲੀ ਦੂਰੀ ਨੂੰ ਦੂਰ ਕਰਦੀ ਹੈ। ਇਹ ਪੁਸਤਕ ਨੂੰ ਉਸ ਦੀ ਸ਼ਾਨਦਾਰ ਉੱਚਾਈ ਤੇ ਲਿਆਉਂਦੀ ਹੈ। ਹਾਲਾਂਕਿ ਪ੍ਰਭੂ ਅੱਯੂਬ ਨੂੰ ਆਪਣੀਆਂ ਸ਼ਰਤਾਂ ਤੇ ਉੱਤਰ ਨਹੀਂ ਦਿੰਦਾ ਹੈ, ਪਰ ਉਹ ਉਸ ਨੂੰ ਉੱਤਰ ਦਿੰਦਾ ਹੈ! ਜਿਵੇਂ ਫ੍ਰਾਂਸਿਸ ਆਈ. ਐਂਡਰਸਨ ਨੇ ਲਿਖਿਆ ਹੈ, "ਕਿ ਪਰਮੇਸ਼ੁਰ ਜੋ ਬੋਲਦਾ ਹੈ ਉਹ ਸਭ ਅੱਯੂਬ ਦੇ ਲਈ ਕਾਫ਼ੀ ਹੈ। ਉਸ ਨੂੰ ਸਿਰਫ ਇਹ ਜਾਣਨ ਦੀ ਲੋੜ ਸੀ ਕਿ ਪਰਮੇਸ਼ੁਰ ਅਤੇ ਉਸ ਦੇ ਵਿਚਕਾਰ ਸਭ ਕੁਝ ਠੀਕ ਚੱਲ ਰਿਹਾ ਹੈ।"[8]

## "ਕੀ ਤੂੰ ਮੈਨੂੰ ਸਿਖਾ ਸਕਦਾ ਹੈਂ?" (38:1-3)

**1ਤਾਂ ਯਹੋਵਾਹ ਨੇ ਅੱਯੂਬ ਨੂੰ ਵਾਵਰੋਲੇ ਵਿੱਚੋਂ ਦੀ ਉੱਤਰ ਦੇ ਕੇ ਆਖਿਆ, 2ਏਹ ਕੌਣ ਹੈ**
**ਜਿਹੜਾ ਸਲਾਹ ਨੂੰ ਗਿਆਨਹੀਣ ਗੱਲਾਂ ਨਾਲ ਅਨ੍ਹੇਰੇ ਵਿੱਚ ਰੱਖਦਾ ਹੈ? 3ਮਰਦ ਵਾਂਙੁ ਜ਼ਰਾ**
**ਆਪਣੀ ਕਮਰ ਕੱਸ। ਮੈਂ ਤੈਥੋਂ ਸਵਾਲ ਕਰਦਾ ਹਾਂ, ਅਤੇ ਤੂੰ ਮੈਨੂੰ ਸਮਝਾ।**

**ਆਇਤ 1.** ਇੱਥੇ ਪਰਮੇਸ਼ੁਰ ਦੇ ਨਿੱਜੀ ਨਾਮ (יהוה, *ਯਾਹਵੇ)* ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ ਪ੍ਰਸਤਾਵਨਾ ਵਿਚ ਕੀਤੀ ਗਈ ਸੀ। ਸਾਰੇ ਸੰਵਾਦਾਂ ਵਿਚ ਦੇਵਤੇ ਦੇ ਵਧੇਰੇ ਆਮ ਅਹੁਦੇ ਵਰਤੇ ਜਾਂਦੇ ਹਨ, ਜਿਨ੍ਹਾਂ ਵਿਚ "ਪਰਮੇਸ਼ੁਰ" (אֵל, *ਏਲੀ*; אֱלוֹהַּ, *ਇਲੋਹ*; אֱלֹהִים,

*ਇਲੋਹਿਮ)* ਅਤੇ "ਸਰਬ ਸ਼ਕਤੀਮਾਨ" (שַׁדַּי, *ਸ਼ਦਾਈ)* ਸ਼ਾਮਲ ਹਨ। ਯਹੋਵਾਹ ਜਾਂ "ਯਾਹਵੇ" ਉਹ ਨਾਮ ਹੈ ਜੋ ਮੂਸਾ ਨੂੰ ਬਲਦੀ ਝਾੜੀ ਵਿਚ ਦੱਸਿਆ ਗਿਆ ਹੈ (ਕੂਚ 3:1-15)। ਇਹ ਛੁਟਕਾਰੇ ਨਾਲ ਜੁੜਿਆ ਹੋਇਆ ਹੈ।

**ਉੱਤਰ ਦਿੱਤਾ** ਕਿਸੇ ਪ੍ਰਸ਼ਨ ਦੇ ਉੱਤਰ ਦੇਣ ਦੇ ਅਰਥ ਵਿਚ ਨਹੀਂ ਸਮਝਿਆ ਜਾਣਾ ਚਾਹੀਦਾ ਹੈ, ਬਲਕਿ ਜਿਵੇਂ ਆਮ ਤੌਰ ਤੇ ਗੱਲ ਕੀਤੀ, ਕਿਹਾ, ਜਾਂ ਸੰਬੋਧਤ ਕੀਤਾ ਜਾਂਦਾ ਹੈ।'"[9] **ਵਾਵਰੋਲੇ** (סְעָרָה, *ਸਿਆਰਾ)* ਉਹੀ ਇਬਰਾਨੀ ਸ਼ਬਦ ਨਹੀਂ ਹੈ ਜਿਸ ਦੀ ਵਰਤੋਂ ਅਲੀਹੂ ਦੇ ਦੁਆਰਾ ਇਕ ਤੂਫ਼ਾਨ ਦਾ ਵਰਣਨ ਕਰਨ ਦੇ ਲਈ ਕੀਤੀ ਗਈ ਸੀ (37:9)। ਇਹ ਸ਼ਬਦ ਇਕ ਭਿਆਨਕ, ਗੁੱਸੇ ਵਾਲੇ ਤੂਫ਼ਾਨ ਨੂੰ ਦਰਸਾਉਂਦਾ ਹੈ। ਪੁਰਾਣੇ ਨੇਮ ਵਿਚ ਤੂਫ਼ਾਨ ਅਕਸਰ ਪਰਮੇਸ਼ੁਰ ਦੇ ਰੂਪਾਂ ਦੇ ਨਾਲ ਜੁੜੇ ਹੁੰਦੇ ਸਨ (ਕੂਚ 19:16-20; ਨਿਆਈਆਂ 5:4, 5; ਜ਼ਬੂਰ 18:7-15; ਹਬੱਕੂਕ 3:5, 6)।

**ਆਇਤ 2. ਸਲਾਹ** ਸ਼ਬਦ עֵצָה *(ਏਟਸਾਹ)* ਦਾ ਅਨੁਵਾਦ ਕਰਦਾ ਹੈ, ਜਿਸ ਦਾ ਅਰਥ ਹੈ "ਵਿਚਾਰ, ਉਦੇਸ਼, ਯੋਜਨਾ, ਨਮੂਨਾ।" ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਯਹੋਵਾਹ ਦੀ ਸਲਾਹ ਸਦਾ ਅਟੱਲ ਰਹਿੰਦੀ ਹੈ, ਅਤੇ ਉਸ ਦੇ ਮਨ ਦੀਆਂ ਸੋਚਾਂ ਪੀੜ੍ਹੀਓਂ ਪੀੜ੍ਹੀ" (ਜ਼ਬੂਰ 33:11)। **ਗਿਆਨਹੀਣ ਗੱਲਾਂ ਨਾਲ** ਜੋ ਪਰਮੇਸ਼ੁਰ ਦੀ ਸਲਾਹ ਨੂੰ ਹਨੇਰੇ ਵਿਚ ਰੱਖਦਾ ਹੈ ਉਹ ਉਸ ਦੀ ਦੁਨੀਆ ਅਤੇ ਉਸ ਦੀ ਸਰਕਾਰ ਬਾਰੇ ਹੰਕਾਰ ਨਾਲ ਬੋਲਦਾ ਹੈ।

**ਆਇਤ 3. ਮਰਦ ਵਾਂਙੁ ਜ਼ਰਾ ਆਪਣੀ ਕਮਰ ਕੱਸ।** ਇਹ ਉਸ ਆਦਮੀ ਦਾ ਚਿੱਤਰ ਹੇ ਜੋ ਸਖ਼ਤ ਕੰਮ ਦੇ ਲਈ ਤਿਆਰੀ ਕਰ ਰਿਹਾ ਹੈ (1 ਰਾਜਿਆਂ 18:46; ਯਿਰਮਿਯਾਹ 1:17)। ਕੁਝ ਅਨੁਵਾਦ "ਆਪਣੇ ਆਪ ਨੂੰ ਸੰਭਾਲੋ" (NEB; NIV; NJB; NLT) "ਆਪਣੇ ਆਪ ਨੂੰ ਤਿਆਰ ਕਰੋ" ਦੇ ਰੂਪ ਵਿਚ ਦਰਸਾਉਂਦੇ ਹਨ। ਪਰਮੇਸ਼ੁਰ ਨੇ ਆਪਣੀ ਦੂਜੀ ਗੱਲਬਾਤ ਦੇ ਸ਼ੁਰੂ ਵਿਚ ਆਪਣੇ ਇਸ ਹੁਕਮ ਨੂੰ ਦੁਹਰਾਇਆ (40:7)।

**ਮੈਂ ਤੈਥੋਂ ਸਵਾਲ ਕਰਦਾ ਹਾਂ, ਅਤੇ ਤੂੰ ਮੈਨੂੰ ਸਮਝਾ।** ਯਹੋਵਾਹ ਕਹਿ ਰਿਹਾ ਸੀ ਕਿ ਉਹ ਅੱਯੂਬ ਦੇ ਕੋਲੋਂ ਸਵਾਲ ਪੁੱਛੇਗਾ, ਅਤੇ ਅੱਯੂਬ ਆਪਣੇ ਉੱਤਰਾਂ ਦੇ ਦੁਆਰਾ ਉਸ ਨੂੰ "ਸਮਝਾਵੇ।" ਸ਼ਬਦ "ਸਮਝਾ" ਦਾ ਅਨੁਵਾਦ יָדַע *(ਯਾਡਾ)* ਹੈ, ਜਿਸ ਦਾ ਸ਼ਾਬਦਿਕ ਅਰਥ ਹੈ "ਦੱਸਣਾ" ਜਾਂ "ਜਾਣਨ ਦਾ ਕਾਰਣ" ਹੋਣਾ। ਇਸ ਪ੍ਰਗਟਾਵੇ ਵਿਚ ਵਿਅੰਗਾਤਮਕਤਾ ਤੇ ਧਿਆਨ ਦਿਓ। ਇਹ ਇੰਝ ਹੁੰਦਾ ਜਿਵੇਂ ਕੋਈ ਪ੍ਰਸਿੱਧ ਗਣਿਤ-ਸ਼ਾਸਤਰੀ ਪਹਿਲੀ ਜਮਾਤ ਦੇ ਵਿਦਿਆਰਥੀ ਨੂੰ ਕਿਸੇ ਜਟਿਲ ਸਮੱਸਿਆ ਦੀ ਵਿਆਖਿਆ ਕਰਨ ਲਈ ਕਹਿ ਰਿਹਾ ਹੋਵੇ।

ਸਾਡੇ ਸੀਮਿਤ ਮਨੁੱਖੀ ਦ੍ਰਿਸ਼ਟੀਕੋਣ ਤੋਂ, ਪਰਮੇਸ਼ੁਰ ਅਤੇ ਉਸ ਦੇ ਕੰਮਾਂ ਦਾ ਨਿਆਂ ਕਰਨਾ ਅਸੰਭਵ ਹੈ। ਇਹ ਹਵਾਲੇ ਦਾ ਬਹੁਤ ਹੀ ਜ਼ਿਆਦਾ ਤੰਗ ਸੰਦਰਭ ਹੈ। ਯਹੋਵਾਹ ਨੂੰ ਵਿਸ਼ਵਾਸ ਅਤੇ ਈਮਾਨਦਾਰੀ ਵਿਚ ਉਸ ਦੀ ਇੱਛਾ ਦੇ ਪ੍ਰਤੀ ਨਿਮਰ ਸਮਰਪਣ ਦੀ ਲੋੜ ਹੈ। ਅੱਯੂਬ ਨੂੰ ਇਸ ਸੱਚਾਈ ਨੂੰ ਵੇਖਣ ਦੇ ਲਈ ਸਮਰਪਿਤ ਕਰਨਾ ਪ੍ਰਸ਼ਨਾਂ ਦੀ ਬੁਛਾੜ ਦਾ ਇਕ ਮੁੱਖ ਉਦੇਸ਼ ਹੈ ਜੋ ਤੇਜ਼ੀ ਨਾਲ ਚੱਲਦੇ ਹਨ।

## ਧਰਤੀ ਦੀ ਸਥਾਪਨਾ (38:4-7)

**4ਤੂੰ ਕਿੱਥੇ ਸੈਂ ਜਦ ਮੈਂ ਧਰਤੀ ਦੀ ਨੀਉਂ ਰੱਖੀ? ਦੱਸ, ਜੇ ਤੂੰ ਸਮਝ ਰੱਖਦਾ ਹੈਂ। 5ਕਿਹ ਨੇ ਉਹ ਦਾ ਨਾਪ ਠਹਿਰਾਇਆ, - ਤੂੰ ਜ਼ਰੂਰ ਜਾਣ ਲਿਆ ਹੋਵੇ, - ਯਾ ਕਿਹ ਨੇ ਉਹ ਦੇ ਉੱਤੇ ਜ਼ਰੀਬ ਖਿੱਚੀ? 6ਕਾਹ ਦੇ ਉੱਤੇ ਉਹ ਦੀਆਂ ਟੇਕਾਂ ਰੱਖੀਆਂ ਗਈਆਂ, ਯਾ ਕਿਹ ਨੇ ਉਹ ਦੇ ਸਿਰੇ ਦਾ ਪੱਥਰ ਧਰਿਆ, 7ਜਦ ਸਵੇਰ ਦੇ ਤਾਰੇ ਮਿਲ ਕੇ ਜੈਕਾਰੇ ਗਜਾਉਂਦੇ ਸਨ, ਅਤੇ**

**ਪਰਮੇਸ਼ੁਰ ਦੇ ਸਾਰੇ ਪੁੱਤ੍ਰ ਨਾਰੇ ਮਾਰਦੇ ਸਨ?**

**ਆਇਤਾਂ 4-7.** ਯਹੋਵਾਹ ਨੇ ਧਰਤੀ ਦੀ ਰਚਨਾ ਬਾਰੇ ਪੰਜ ਪ੍ਰਸ਼ਨਾਂ ਨਾਲ ਸ਼ੁਰੂਆਤ ਕੀਤੀ। ਅੱਯੂਬ ਉਨ੍ਹਾਂ ਵਿੱਚੋਂ ਕਿਸੇ ਦਾ ਵੀ ਉੱਤਰ ਨਹੀਂ ਦੇ ਸਕਿਆ! ਪਰਮੇਸ਼ੁਰ ਦੇ ਪ੍ਰਸ਼ਨ ਪੁੱਛਣ ਦੀ ਤੁਲਨਾ ਇਕ ਅੰਤਿਮ ਪਰੀਖਿਆ ਦੇ ਨਾਲ ਕੀਤੀ ਗਈ ਹੈ ਜਿਸ ਵਿਚ ਅੱਯੂਬ ਨੇ ਪੂਰਨ ਸਕੋਰ ਬਣਾਇਆ: "0"! ਉਸ ਦੇ ਕੋਲ ਯਹੋਵਾਹ ਦੇ ਕਿਸੇ ਵੀ ਪ੍ਰਸ਼ਨ ਦਾ ਉੱਤਰ ਨਹੀਂ ਸੀ।

ਹਾਲਾਂਕਿ ਅਸੀਂ ਉੱਥੇ ਹਾਜ਼ਰ ਨਹੀਂ ਸੀ, ਪਰ ਅਸੀਂ ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰਨ ਦੇ ਦੁਆਰਾ ਧਰਤੀ ਦੀ ਰਚਨਾ ਨੂੰ ਸਵੀਕਾਰ ਕਰਦੇ ਹਾਂ। ਇਬਰਾਨੀਆਂ ਦੇ ਲੇਖਕ ਨੇ ਕਿਹਾ, "ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ" (ਇਬਰਾਨੀਆਂ 11:3)।

ਪਵਿੱਤਰ ਬਾਈਬਲ ਵਿਚ ਦੁਨੀਆ ਦੇ ਨਿਰਮਾਣ ਨੂੰ ਦਰਸਾਉਣ ਦੇ ਲਈ ਵੱਖ-ਵੱਖ ਚਿੱਤਰਾਂ ਦੀ ਵਰਤੋਂ ਕੀਤੀ ਗਈ ਹੈ। ਇੱਥੇ ਪਰਮੇਸ਼ੁਰ ਨੂੰ ਇਕ ਇਮਾਰਤ ਦਾ ਨਿਰਮਾਣ ਕਰਨ ਵਾਲੇ ਮਾਸਟਰ ਆਰਕੀਟੈਕਟ ਦੇ ਰੂਪ ਵਿਚ ਵੇਖਿਆ ਜਾਂਦਾ ਹੈ: ਉਸ ਨੇ **ਨੀਉਂ ਰੱਖੀ, ਉਹ ਦਾ ਨਾਪ ਠਹਿਰਾਇਆ, ਉਹ ਦੇ ਉੱਤੇ ਜਰੀਬ ਖਿੱਚੀ, ਉਹ ਦੀਆਂ ਟੇਕਾਂ ਰੱਖੀਆਂ, ਉਹ ਦੇ ਸਿਰੇ ਦਾ ਪੱਥਰ ਧਰਿਆ।**

**ਪਰਮੇਸ਼ੁਰ ਦੇ ਸਾਰੇ ਪੁੱਤ੍ਰ**, ਅਰਥਾਤ, ਸੁਰਗਦੂਤ (1:6 ਤੇ ਟਿੱਪਣੀਆਂ ਵੇਖੋ), **ਨਾਰੇ ਮਾਰਦੇ ਸਨ ਤਾਂਕਿ** ਪਰਮੇਸ਼ੁਰ ਦੀ ਦੁਨੀਆ ਦੇ ਪ੍ਰਤੀ ਪ੍ਰਤਿਕਿਰਿਆ ਦੇ ਸਕਣ। **ਸਵੇਰ ਦੇ ਤਾਰੇ** ਦੇ ਸੰਬੰਧ ਵਿਚ, ਜੌਨ ਈ. ਹਾਰਟਲੀ ਨੇ ਲਿਖਿਆ,

> ਉਤਪਤ 1 ਅਧਿਆਇ ਵਿਚ ਤਾਰਿਆਂ ਦੀ ਰਚਨਾ ਚੌਥੇ ਦਿਨ ਕੀਤੀ ਗਈ ਸੀ, ਪਰ ਇੱਥੇ ਉਹ ਸ੍ਰਿਸ਼ਟੀ ਦੇ ਸ਼ੁਰੂਆਤੀ ਪੜਾਵਾਂ ਤੇ ਮੌਜੂਦ ਸਨ। ਇਹ ਸਪੱਸ਼ਟ ਅੰਤਰ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ 'ਸਵੇਰ ਦੇ ਤਾਰੇ' ਇਸ ਸੰਦਰਭ ਵਿਚ ਇਕ ਮੁੱਢਲਾ ਸ਼ਬਦ ਹੈ ਜੋ "ਪਰਮੇਸ਼ੁਰ ਦੇ ਪੁੱਤਰਾਂ" ਦੇ ਨਾਲ ਇਕ ਸਾਮਾਨਾਰਥੀ ਸਮਾਨਤਾ ਬਣਾਉਂਦੇ ਹਨ, ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ, ਇਹ ਧਰਤੀ ਦੀ ਰਚਨਾ ਤੋਂ ਪਹਿਲਾਂ ਹੀ ਮੌਜੂਦ ਸੀ। ਇਸ ਲਈ, ਇਹ ਅਲੋਕਿਕ ਤੌਰ ਤੇ, ਇਨ੍ਹਾਂ ਸਵਰਗੀ ਪ੍ਰਾਣੀਆਂ ਨੂੰ ਭੌਤਿਕ ਤਾਰਿਆਂ ਦੀ ਹੋਂਦ ਤੋਂ ਸੁਤੰਤਰ ਦੱਸਣ ਦੇ ਲਈ ਵਰਤਿਆ ਜਾਂਦਾ ਹੈ।[10]

# ਸਮੁੰਦਰ ਦਾ ਬੰਦ ਹੋਣਾ (38:8-11)

**[8]ਯਾ ਕਿਸ ਸਮੁੰਦਰ ਨੂੰ ਕਵਾੜਾਂ ਨਾਲ ਬੰਦ ਕੀਤਾ, ਜਦ ਉਹ ਕੁੱਖੋਂ ਫੁੱਟ ਨਿੱਕਲਿਆ? [9]ਜਦ ਮੈਂ ਬੱਦਲ ਉਹ ਦਾ ਲਿਬਾਸ, ਅਤੇ ਅਨ੍ਹੇਰੇ ਘੁੱਪ ਨੂੰ ਉਹ ਦਾ ਪੋਤੜਾ ਬਣਾਇਆ, [10]ਅਤੇ ਉਹ ਦੀਆਂ ਹੱਦਾਂ ਠਹਿਰਾਈਆਂ, ਅਤੇ ਅਰਲ ਤੇ ਕਵਾੜ ਲਾਏ? [11]ਅਤੇ ਆਖਿਆ, ਐਥੇ ਤਿੱਕੁਰ ਆਈਂ, ਵਧੀਂ ਨਾ, ਅਤੇ ਐਥੇ ਤੇਰੀਆਂ ਆਫਰੀਆਂ ਹੋਈਆਂ ਲੱਫਾਂ ਰੁਕ ਜਾਣ।**

**ਆਇਤਾਂ 8-11.** ਰਚਨਾ ਦੇ ਤੀਸਰੇ ਦਿਨ ਪਰਮੇਸ਼ੁਰ ਨੇ ਸਮੁੰਦਰ ਨੂੰ ਬਣਾਇਆ (ਉਤਪਤ 1:9, 10)। ਇੱਥੇ **ਸਮੁੰਦਰ** ਨੂੰ ਇਕ ਬੱਚੇ ਦੇ ਰੂਪਕ ਵਿਚ ਦਰਸਾਇਆ ਗਿਆ ਹੈ ਜੋ ਆਪਣੀ ਮਾਂ ਦੀ **ਕੁੱਖੋਂ ਫੁੱਟ ਨਿੱਕਲਿਆ** ਹੈ। ਪਰਮੇਸ਼ੁਰ ਨੇ ਸਮੁੰਦਰ ਨੂੰ **ਬੱਦਲ** ਨੂੰ ਲਿਬਾਸ ਵਾਂਢੂ ਅਤੇ **ਅਨ੍ਹੇਰੇ ਘੁੱਪ** ਵਿਚ ਲਪੇਟਿਆ, ਜਿਵੇਂ ਇਕ ਬੱਚੇ ਨੂੰ ਇਕ **ਪੋਤੜੇ** ਵਿਚ ਲਪੇਟਿਆ ਹੁੰਦਾ ਹੈ (ਹਿਜ਼ਕੀਏਲ 16:4; ਲੂਕਾ 2:7)।

ਸਮੁੰਦਰ ਉੱਤੇ ਪਰਮੇਸ਼ੁਰ ਦੇ ਅਧਿਕਾਰ ਨੂੰ ਇਸ ਤੱਥ ਨਾਲ ਦਰਸਾਇਆ ਗਿਆ ਹੈ ਕਿ ਉਸ ਨੇ ਇਸ ਉੱਤੇ **ਹੱਦਾਂ ਠਹਿਰਾਈਆਂ** ਅਤੇ **ਅਰਲ ਅਤੇ ਕਵਾੜ ਲਾਏ।** ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਇਹ ਰੂਪਕ ਰੇਤਲੇ ਸਮੁੰਦਰੀ ਤੱਟਾਂ, ਚੱਟਾਨਾਂ ਅਤੇ ਖੜ੍ਹੀਆਂ ਚੱਟਾਨਾਂ ਦੇ ਕਿਨਾਰਿਆਂ ਦਾ ਹਵਾਲਾ ਦਿੰਦਾ ਹੈ ਜੋ ਪਾਣੀ ਨੂੰ ਖੁਸ਼ਕ ਭੂਮੀ ਅਲੱਗ ਕਰਦੇ ਹਨ (ਵੇਖੋ ਕਹਾਉਤਾਂ 8:29; ਯਿਰਮਿਯਾਹ 5:22)। ਪਰਮੇਸ਼ੁਰ ਨੇ ਸਮੁੰਦਰ ਦੇ ਲਈ ਸੀਮਾਵਾਂ ਨਿਰਧਾਰਤ ਕੀਤੀਆਂ ਹਨ: **ਐਥੇ ਤਿੱਕੁਰ ਆਈਂ, ਵਧੀਂ ਨਾ, ਅਤੇ ਐਥੇ ਤੇਰੀਆਂ ਆਫਰੀਆਂ ਹੋਈਆਂ ਲੱਛਾਂ ਰੁਕ ਜਾਣ।** ਜਿਸ ਕਿਸੇ ਨੇ ਵੀ ਵਿਨਾਸ਼ਕਾਰੀ ਸਮੁੰਦਰ ਦੇ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਿਆ ਹੋਵੇਗਾ ਉਹ ਜ਼ਬੂਰ ਲਿਖਣ ਵਾਲੇ ਦੇ ਨਾਲ ਇਹ ਗਾਵੇਗਾ,

> ਤੈਂ ਉਹ ਨੂੰ ਡੂੰਘਿਆਈ ਨਾਲ ਇਉਂ ਕੱਜਿਆ ਜਿਵੇਂ ਪੁਸ਼ਾਕ ਨਾਲ, ਪਾਣੀ ਪਹਾੜਾਂ ਦੇ ਉੱਪਰ ਖਲੋ ਗਏ। ਓਹ ਤੇਰੇ ਦਬਕੇ ਨਾਲ ਨੱਠ ਗਏ, ਓਹ ਤੇਰੀ ਗੜ੍ਹਕ ਦੀ ਅਵਾਜ਼ ਤੋਂ ਸ਼ਤਾਬੀ ਭੱਜੇ। ਉਸ ਥਾਂ ਨੂੰ ਜਿਹ ਦੀ ਤੈਂ ਨੀਂਹ ਰੱਖੀ ਹੋਈ ਸੀ ਪਹਾੜ ਉਤਾਹਾਂ ਚੜ੍ਹੇ, ਦੂਣਾਂ ਹੇਠਾਂ ਉਤਰੀਆਂ। ਤੈਂ ਉਨ੍ਹਾਂ ਲਈ ਇੱਕ ਹੱਦ ਠਹਿਰਾ ਰੱਖੀ ਹੈ ਭਈ ਓਹ ਅੱਗੇ ਨਾ ਲੰਘਣ, ਅਤੇ ਨਾ ਹੀ ਮੁੜ ਕੇ ਧਰਤੀ ਨੂੰ ਢੱਕ ਲੈਣ (ਜ਼ਬੂਰ 104:6-9)।

ਅੱਯੂਬ ਸਿਰਫ ਪਰਮੇਸ਼ੁਰ ਦੀ ਰਚਨਾ ਦੇ ਰੌਬ ਵਿਚ ਹੀ ਖੜ੍ਹਾ ਰਹਿ ਸਕਦਾ ਹੈ। ਸਮੁੰਦਰਾਂ ਦੀਆਂ ਹੱਦਾਂ ਸਥਾਪਤ ਕਰਨ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਸੀ।

## ਸਵੇਰ ਦਾ ਚੜ੍ਹਨਾ (38:12-15)

**[12]ਕੀ ਤੈਂ ਆਪਣਿਆਂ ਦਿਨਾਂ ਵਿੱਚ ਕਦੀ ਸਵੇਰੇ ਉੱਤੇ ਹੁਕਮ ਦਿੱਤਾ? ਕੀ ਤੈਂ ਸਾਝਰੇ ਨੂੰ ਉਹ ਦਾ ਥਾਂ ਸਿਖਾਇਆ, [13]ਭਈ ਉਹ ਧਰਤੀ ਦੇ ਖੰਭਾਂ ਨੂੰ ਫੜ ਲਵੇ, ਅਤੇ ਦੁਸ਼ਟ ਉਹ ਦੇ ਵਿੱਚੋਂ ਝਾੜੇ ਜਾਣ? [14]ਉਹ ਬਦਲ ਜਾਂਦਾ ਹੈ ਜਿਵੇਂ ਚੀਕਣੀ ਮਿੱਟੀ ਮੋਹਰ ਦੇ ਹੇਠੋਂ, ਤਾਂ ਓਹ ਖਲੋ ਜਾਂਦੇ ਹਨ ਜਿਵੇਂ ਬਸਤਰਾਂ ਵਿੱਚ, [15]ਅਤੇ ਦੁਸ਼ਟਾਂ ਤੋਂ ਉਨ੍ਹਾਂ ਦਾ ਚਾਨਣਾ ਰੋਕ ਲਿਆ ਜਾਂਦਾ ਹੈ, ਅਤੇ ਉੱਚੀ ਬਾਂਹ ਭੰਨੀ ਜਾਂਦੀ ਹੈ।**

**ਆਇਤਾਂ 12-15.** ਪ੍ਰਸ਼ਨਾਂ ਦਾ ਅਗਲਾ ਸਮੂਹ **ਸਵੇਰੇ** ਦੇ ਆਉਣ ਦੇ ਚਮਤਕਾਰਾਂ ਤੇ ਵਿਚਾਰ ਕਰਦਾ ਹੈ। ਪਰਮੇਸ਼ੁਰ ਦੇ ਉਲਟ, ਅੱਯੂਬ ਨੇ ਕਦੀ ਵੀ **ਸਵੇਰੇ ਉੱਤੇ ਹੁਕਮ** ਨਹੀਂ ਦਿੱਤਾ। ਹਾਰਟਲੀ ਨੇ ਸਮਝਾਇਆ,

> ਸ੍ਰਿਸ਼ਟੀ ਦੇ ਪਹਿਲੇ ਦਿਨ ਪਰਮੇਸ਼ੁਰ ਨੇ ਚਾਨਣ ਨੂੰ ਹੋਂਦ ਵਿਚ ਆਉਣ ਦਾ ਹੁਕਮ ਦਿੱਤਾ। … ਅਤੇ ਉਸ ਤੋਂ ਬਾਅਦ ਹਰ ਦਿਨ ਉਸ ਪਹਿਲੇ ਦਿਨ ਦਾ ਪੁਨਰ ਮਿਲਣ ਹੁੰਦਾ ਹੈ। ਭਾਵ, ਪੁਰਾਤਨ ਲੋਕ, ਕੁਦਰਤ ਨੂੰ ਵਿਅਕਤੀ ਨਾਲ ਸਬੰਧ ਨਾ ਰੱਖਣ ਵਾਲਾ, ਯੰਤਰ ਰਹਿਤ ਕਾਨੂਨਾਂ ਦੀ ਵਿਵਸਥਾ ਦੇ ਰੂਪ ਵਿਚ ਨਹੀਂ ਵੇਖ ਰਹੇ ਸਨ, ਦਿਨਾਂ ਦੀ ਗਰੰਟੀ ਨੂੰ ਗਰੰਟੀ ਨਹੀਂ ਮੰਨਦੇ ਸਨ, ਪਰ ਇਹ ਮੰਨਦੇ ਹਨ ਕਿ ਪਰਮੇਸ਼ੁਰ ਹਰ ਨਵੇਂ ਦਿਨ ਨੂੰ ਹੋਂਦ ਵਿਚ ਆਉਣ ਦੇ ਲਈ ਬੋਲਦੇ ਹਨ।[11]

ਅਸੀਂ ਸਾਰੇ ਇਸ ਸੁੰਦਰ ਸੂਰਜ ਚੜ੍ਹਣ ਦੇ ਨਾਲ ਹੈਰਾਨ ਹੋ ਜਾਂਦੇ ਹਾਂ ਜਿਵੇਂ **ਉਹ … ਧਰਤੀ ਦੇ ਖੰਭਾਂ ਨੂੰ ਫੜ ਲਵੇ।** ਸੂਰਜ ਦੀਆਂ ਚਮਕਦਾਰ ਕਿਰਨਾਂ ਦੁਨੀਆ ਨੂੰ ਚਾਨਣ ਦੇਣਾ ਸ਼ੁਰੂ ਕਰਦੀਆਂ ਹਨ, ਇਸ ਦੇ ਆਕਾਰ ਅਤੇ ਰੰਗਾਂ ਨੂੰ ਸਪੱਸ਼ਟਤਾ ਨਾਲ ਦਰਸਾਉਂਦੀਆਂ ਹਨ। ਪ੍ਰਕਾਸ਼ਮਾਨ ਧਰਤੀ **ਚੀਕਣੀ ਮਿੱਟੀ** ਦੀ ਤਰ੍ਹਾਂ ਬਦਲ ਗਈ ਹੈ ਜਿਸ ਦੇ ਉੱਤੇ **ਮੋਹਰ** ਲੱਗੀ

ਹੋਈ ਹੈ ਅਤੇ ਇੱਕ ਗੁੰਝਲਦਾਰ ਨਮੂਨੇ ਦਾ ਖੁਲਾਸਾ ਕਰਦਾ ਹੈ (33:16 ਦੀਆਂ ਟਿੱਪਣੀਆਂ ਨੂੰ ਵੇਖੋ)। ਇਹ ਖਲੋ ਜਾਂਦੇ ਹਨ ਜਿਵੇਂ **ਬਸਤਰਾਂ ਵਿੱਚ** - ਸ਼ਾਇਦ ਉਹ ਜੋ ਰੰਗੀਨ ਅਤੇ ਸੰਜੀਵ ਹੈ (ਵੇਖੋ ਉਤਪਤ 37:3)।

ਸਵੇਰ ਦੀ ਚਮਕ ਨੇ **ਦੁਸ਼ਟਾਂ** ਨੂੰ ਦੂਰ ਕਰ ਦਿੱਤਾ, ਜਿਨ੍ਹਾਂ ਨੇ "ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ" (ਯੂਹੰਨਾ 3:19)। ਅੱਯੂਬ ਨੇ ਅਜਿਹੇ ਲੋਕਾਂ ਦਾ ਵਰਣਨ ਇਸ ਪ੍ਰਕਾਰ ਕੀਤਾ:

> ਵਿਭਚਾਰੀ ਦੀ ਅੱਖ ਸੰਝ ਨੂੰ ਉਡੀਕਦੀ ਹੈ, ਉਹ ਕਹਿੰਦਾ ਹੈ, ਕੋਈ ਅੱਖ ਮੈਨੂੰ ਨਹੀਂ ਵੇਖੂਗੀ! ਅਤੇ ਆਪਣੇ ਮੂੰਹ ਤੇ ਪੜਦਾ ਪਾ ਲੈਂਦਾ ਹੈ। ਅਨ੍ਹੇਰੇ ਨੂੰ ਓਹ ਘਰਾਂ ਵਿੱਚ ਸੰਨ੍ਹਾਂ ਮਾਰਦੇ ਹਨ, ਦਿਨੇ ਓਹ ਆਪ ਨੂੰ ਲੁਕਾ ਛੱਡਦੇ ਹਨ, ਓਹ ਚਾਨਣ ਨੂੰ ਨਹੀਂ ਜਾਣਦੇ, ਕਿਉਂ ਜੋ ਸਵੇਰ ਉਨ੍ਹਾਂ ਸਾਰਿਆਂ ਲਈ ਮੌਤ ਦੇ ਸਾਯੇ ਜਿਹੀ ਹੈ, ਓਹ ਤਾਂ ਮੌਤ ਦੇ ਸਾਯੇ ਦੇ ਭੈਜਲਾਂ ਦੇ ਜਾਣੂ ਹਨ (24:15-17)।

**ਉੱਚੀ ਬਾਂਹ ਭੰਨੀ ਜਾਂਦੀ ਹੈ ਇਸ** ਦਾ ਅਰਥ ਹੈ ਕਿ ਦੁਸ਼ਟਤਾ ਹਾਵੀ ਨਹੀਂ ਹੋਵੇਗੀ ਕਿਉਂਕਿ ਪਰਮੇਸ਼ੁਰ ਇਸ ਦੇ ਵਿਰੁੱਧ ਦਖ਼ਲਅੰਦਾਜ਼ੀ ਕਰੇਗਾ।

## ਸਮੁੰਦਰ ਦੇ ਸੋਤੇ (38:16-18)

**16ਕੀ ਤੂੰ ਸਮੁੰਦਰ ਦੇ ਸੋਤਿਆਂ ਵਿੱਚ ਵੜਿਆ, ਯਾ ਡੂੰਘਿਆਈ ਦੇ ਗੁੱਝੇ ਹਿੱਸਿਆਂ ਵਿੱਚ ਚੱਲਿਆ ਹੈਂ? 17ਕੀ ਮੌਤ ਦੇ ਫਾਟਕ ਤੇਰੇ ਲਈ ਨੰਗੇ ਕੀਤੇ ਗਏ, ਯਾ ਮੌਤ ਦੇ ਸਾਯੇ ਦੇ ਫਾਟਕਾਂ ਨੂੰ ਤੈਂ ਵੇਖਿਆ? 18ਕੀ ਤੈਂ ਧਰਤੀ ਦੇ ਵਿਸਤਾਰ ਨੂੰ ਸਮਝ ਲਿਆ ਹੈ? ਤੂੰ ਦੱਸ, ਜੇ ਤੈਂ ਸਾਰੇ ਦਾ ਸਾਰਾ ਜਾਣ ਲਿਆ ਹੈ।**

**ਆਇਤਾਂ 16-18.** ਪੰਜ ਤੇਜ਼ ਤੇਜ਼ ਪੁੱਛੇ ਜਾਣ ਵਾਲੇ ਪ੍ਰਸ਼ਨ ਜੋ ਅੱਯੂਬ ਦੇ ਗਿਆਨ ਦੀ ਜਾਂਚ ਕਰਦੇ ਹਨ **ਸਮੁੰਦਰ ਦੇ ਸੋਤੇ, ਡੂੰਘਿਆਈ ਦੇ ਗੁੱਝੇ ਹਿੱਸੇ, ਅਤੇ ਮੌਤ ਦੇ ਫਾਟਕ**। ਪਹਿਲੇ ਦੋ ਪ੍ਰਸ਼ਨਾਂ ਦੀ ਵਰਤੋਂ "ਮੌਤ ਦੇ ਫਾਟਕਾਂ," ਅਰਥਾਤ, **ਡੂੰਘਿਆਈ ਦੇ ਗੁੱਝੇ ਹਿੱਸੇ ਦੇ ਉਸ ਦੇ** ਗਿਆਨ ਤੇ ਪ੍ਰਸ਼ਨ ਕਰਨ ਲਈ ਕੀਤੀ ਗਈ ਸੀ। "ਮੌਤ ਦੇ ਫਾਟਕ" ਅਜਿਹੇ ਦਰਵਾਜ਼ਿਆਂ ਨੂੰ ਦਰਸਾਉਂਦੇ ਹਨ "ਜੋ ਅਜਿਹੇ ਸਥਾਨ ਦੇ ਪ੍ਰਵੇਸ਼ ਦਰਵਾਜ਼ੇ ਨੂੰ ਦਰਸਾਉਂਦੇ ਹਨ।"[12] ਫਿਰ ਵਿਅੰਗ ਇਸਤੇਮਾਲ ਕੀਤਾ ਗਿਆ ਹੈ: **ਤੂੰ ਦੱਸ, ਜੇ ਤੈਂ ਸਾਰੇ ਦਾ ਸਾਰਾ ਜਾਣ ਲਿਆ ਹੈ।** ਆਪਣੀ ਗੱਲਬਾਤ ਵਿਚ, ਅੱਯੂਬ ਨੇ ਅਕਸਰ ਮੌਤ, ਕਬਰ, ਅਤੇ ਸ਼ੀਓਲ ਦੇ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ, ਪਰ ਉਸ ਨੂੰ ਇਨ੍ਹਾਂ ਹਕੀਕਤਾਂ ਦਾ ਪਹਿਲਾਂ ਤੋਂ ਹੀ ਗਿਆਨ ਨਹੀਂ ਸੀ।

## ਚਾਨਣ ਅਤੇ ਅਨ੍ਹੇਰੇ ਦਾ ਨਿਵਾਸ ਸਥਾਨ (38:19-21)

**19ਚਾਨਣ ਦੀ ਵੱਸੋਂ ਦਾ ਰਾਹ ਕਿੱਧਰ ਹੈ, ਅਤੇ ਅਨ੍ਹੇਰੇ ਦਾ ਅਸਥਾਨ ਕਿੱਥੇ ਹੈ? 20ਤਾਂ ਜੋ ਤੂੰ ਉਹ ਨੂੰ ਉਹ ਦੀਆਂ ਹੱਦਾਂ ਤੀਕ ਪੁਚਾਵੇਂ, ਅਤੇ ਉਹ ਦੇ ਘਰ ਦੇ ਪਹਿਆਂ ਨੂੰ ਸਮਝੇਂ। 21ਤੂੰ ਜਾਣਦਾ ਹੈਂ, ਤੂੰ ਉਸ ਵੇਲੇ ਜੰਮਿਆ ਹੋਇਆ ਜੋ ਸੈਂ, ਅਤੇ ਤੇਰੇ ਦਿਨਾਂ ਦੀ ਗਿਣਤੀ ਬਹੁਤੀ ਹੈ।**

**ਆਇਤਾਂ 19-21.** ਮਨੁੱਖਾਂ ਨੇ ਬਹੁਤ ਲੰਬੇ ਸਮੇਂ ਤੋਂ ਵਿਚਾਰ ਕੀਤਾ ਸੀ ਕਿ **ਚਾਨਣ ਦੀ ਵੱਸੋਂ ਦਾ ਰਾਹ ਕਿੱਧਰ ਹੈ।** ਉਨ੍ਹਾਂ ਨੂੰ ਆਪਣੀ ਬੁੱਧ ਦੇ ਦੁਆਰਾ ਕੋਈ ਸੰਤੋਸ਼ਜਨਕ ਉੱਤਰ ਨਹੀਂ ਮਿਲਿਆ। ਨਾ ਹੀ ਉਹ **ਅਨ੍ਹੇਰੇ ਦਾ ਅਸਥਾਨ ਸਮਝ** ਸਕਦੇ ਸਨ। ਇੱਥੋਂ ਤੱਕ ਕਿ ਸਭ ਤੋਂ

ਬੁੱਧੀਮਾਨ ਮਨੁੱਖਾਂ ਦੇ ਕੋਲ ਵੀ ਇਨ੍ਹਾਂ ਚੀਜ਼ਾਂ ਦਾ ਕੋਈ ਗਿਆਨ ਨਹੀਂ ਸੀ। ਆਖ਼ਰਕਾਰ, ਉਸ ਨੇ ਚਾਨਣ ਨੂੰ ਬਣਾਇਆ ਅਤੇ ਇਸ ਨੂੰ ਅਨ੍ਹੇਰੇ ਤੋਂ ਵੱਖਰਾ ਕੀਤਾ ਇਹ ਰਚਨਾ ਦਾ ਪਹਿਲਾ ਦਿਨ ਸੀ (ਉਤਪਤ 1:3, 4)। ਉਹ ਦਿਨ ਅਤੇ ਰਾਤ ਦੀ ਲੰਬਾਈ ਤੈਅ ਕਰਨ ਵਾਲਾ ਸੀ, ਜੋ ਦੁਨੀਆ ਦੇ ਵੱਖ-ਵੱਖ ਹਿੱਸਿਆਂ ਅਤੇ ਅਲੱਗ-ਅਲੱਗ ਮੌਸਮਾਂ ਤੋਂ ਵੱਖਰਾ ਹੁੰਦਾ ਹੈ। ਰੀਬਰਨ ਨੇ ਟਿੱਪਣੀ ਕੀਤੀ,

> ਆਇਤ 19 ਵਿੱਚ *ਚਾਨਣ ਤੇ ਅਨ੍ਹੇਰੇ* ਨੂੰ ਅਜਿਹੇ ਵਿਅਕਤੀਆਂ ਦੇ ਵਾਂਗ ਮੰਨਿਆ ਜਾਂਦਾ ਹੈ ਜਿਨ੍ਹਾਂ ਦੇ ਘਰ ਹਨ। ਹਰ ਇਕ ਆਪਣੇ ਘਰ ਵਿੱਚੋਂ ਬਾਹਰ ਆਉਂਦਾ ਅਤੇ ਫਿਰ ਉੱਥੇ ਹੀ ਵਾਪਸ ਚਲਾ ਜਾਂਦਾ ਹੈ। ਚਾਨਣ ਸਵੇਰੇ ਸਵੇਰੇ ਆਪਣੇ ਘਰੋਂ ਨਿਕਲਦਾ ਹੈ ਅਤੇ ਰਾਤ ਨੂੰ ਵਾਪਸ ਪਰਤ ਆਉਂਦਾ ਹੈ, ਫਿਰ ਅਨ੍ਹੇਰਾ ਇਸ ਦੇ ਘਰ ਤੋਂ ਨਿਕਲਦਾ ਹੈ ਅਤੇ ਸਵੇਰੇ ਇੱਥੇ ਵਾਪਸ ਮੁੜ ਜਾਂਦਾ ਹੈ।[13]

ਫਿਰ ਅਸੀਂ ਯਹੋਵਾਹ ਦੀ ਘੋਸ਼ਣਾ ਵਿਚ ਵਿਅੰਗਾਤਮਕਤਾ ਨੂੰ ਵੇਖਦੇ ਹਾਂ: **ਤੂੰ ਉਸ ਵੇਲੇ ਜੰਮਿਆ ਹੋਇਆ ਜੋ ਸੈਂ, ਅਤੇ ਤੇਰੇ ਦਿਨਾਂ ਦੀ ਗਿਣਤੀ ਬਹੁਤੀ ਹੈ।** ਹਾਲਾਂਕਿ ਅੱਯੂਬ ਆਪਣੇ ਸਮਾਜ ਵਿਚ ਇਕ ਬਜ਼ੁਰਗ ਸੀ, ਪਰ ਉਹ ਕਿਸੇ ਤਰ੍ਹਾਂ ਨਾਲ ਪਹਿਲਾ ਆਦਮੀ ਨਹੀਂ ਸੀ (15:7)। ਉਸ ਦੇ ਕੋਲ ਇਨ੍ਹਾਂ ਸਭ ਚੀਜ਼ਾਂ ਨੂੰ ਜਾਣਨ ਦਾ ਕੋਈ ਸੰਭਵ ਤਰੀਕਾ ਨਹੀਂ ਸੀ ਕਿਉਂਕਿ ਜਦੋਂ ਪਰਮੇਸ਼ੁਰ ਨੇ ਇਹ ਦੁਨੀਆ ਬਣਾਈ ਤਾਂ ਉਹ ਉਸ ਸਮੇਂ ਉੱਥੇ ਮੌਜੂਦ ਨਹੀਂ ਸੀ। ਸੈਮੂਏਲ ਕੋਕਸ ਦੀ ਵਿਅੰਗ ਸੰਬੰਧੀ ਟਿੱਪਣੀ ਵਿਚਾਰਯੋਗ ਹੈ:

> ਸੁਸਤ ਮਨੁੱਖਾਂ ਨੂੰ ਮਿਲਣਾ ਚਾਹੀਦਾ ਹੈ ਜੋ ਸਾਡੇ ਸਾਰਿਆਂ ਦੇ ਰਚਣਹਾਰੇ ਦੇ ਲਈ ਵਿਅੰਗ ਦਾ ਕਾਰਣ ਬਣਦੇ ਹਨ, ਸਭ ਤੋਂ ਮੁੱਖ ਤੌਰ ਤੇ, ਮੈਨੂੰ ਸ਼ੱਕ ਹੈ, ਕਿਉਂਕਿ ਇਹ ਇਕ ਹਥਿਆਰ ਹੈ ਜੋ ਉਨ੍ਹਾਂ ਨੂੰ ਸਭ ਤੋਂ ਵੱਧ ਘਾਇਲ ਕਰਦਾ ਸੀ, ਕਿਉਂਕਿ ਇਹ ਉਨ੍ਹਾਂ ਦੀ ਬੁੱਧੀ ਅਤੇ ਇੱਜ਼ਤ ਦੀਆਂ ਗੰਭੀਰ ਭਾਵਨਾਵਾਂ ਅਤੇ ਸਵੈ-ਪ੍ਰਵਾਨਗੀ ਨੂੰ ਬਹੁਤ ਜਲਦੀ ਕੱਟ ਦਿੰਦਾ ਹੈ, ਕਿਉਂਕਿ ਉਨ੍ਹਾਂ ਦੇ ਕੋਲ ਹੈ ਅਤੇ ਇੰਝ ਜਾਪਦਾ ਸੀ ਕਿ ਉਨ੍ਹਾਂ ਦੇ ਕੋਲ ਹੈ; ਇਸ ਦੇ ਵਿਰੁੱਧ ਕੋਈ ਬਚਾਅ ਨਹੀਂ ਹੈ ਅਤੇ ਇੱਥੇ ਚੰਗੇ ਆਦਮੀ ਹਨ ਜੋ ਇਸ ਨੂੰ ਬੇਤੁਕਾ ਅਤੇ ਅੱਤ ਉਤਸਾਹੀ ਬਣਾਉਂਦੇ ਹਨ। ਪਰ ਨਿਸ਼ਚਤ ਤੌਰ ਤੇ ਕੋਈ ਵੀ ਈਮਾਨਦਾਰ ਆਦਮੀ, ਭਾਵੇਂ ਸੁਸਤ, ਪਰ ਉਹ ਉਸ ਦਾ ਸਤਿਕਾਰ ਕਰਨ ਵਾਲਾ ਹੋਵੇ, ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇੱਥੇ ਬਾਈਬਲ ਵਿਚ ਹੀ, ਵਿਅੰਗ ਨੂੰ ਪਰਮੇਸ਼ੁਰ ਦੇ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਅਤੇ ਉਹ ਉਸ ਨੂੰ ਸਿਰਫ ਉਸ ਆਦਮੀ ਦੇ ਵਿਰੁੱਧ ਹੋਣ ਦੇ ਰੂਪ ਵਿਚ ਦਰਸਾਉਂਦਾ ਹੈ ਜਿਸ ਦੀ ਅਖੰਡਤਾ ਵਿਚ ਉਸ ਨੇ ਘਮੰਡ ਕੀਤਾ ਸੀ- ਉਸ ਨੂੰ ਉਸ ਦੇ ਨਾਲ ਘਾਇਲ ਕਰ ਦਿੱਤਾ, ਪਰ ਕੇਵਲ ਇੰਨਾ ਘਾਇਲ ਕੀਤਾ ਕਿ ਉਹ ਚੰਗਾ ਹੋ ਸਕੇ।[14]

## ਬਰਫ਼ ਅਤੇ ਗੜਿਆਂ ਦੇ ਖ਼ਜ਼ਾਨੇ (38:22-24)

**22ਕੀ ਤੂੰ ਬਰਫ਼ ਦੇ ਖ਼ਜ਼ਾਨਿਆਂ ਕੋਲ ਗਿਆ, ਅਤੇ ਗੜਿਆਂ ਦੇ ਖ਼ਜ਼ਾਨਿਆਂ ਨੂੰ ਵੇਖਿਆ,**
**23ਜਿਨ੍ਹਾਂ ਨੂੰ ਮੈਂ ਦੁਖ ਦੇ ਵੇਲੇ ਲਈ ਬਚਾ ਰੱਖਿਆ ਹੈ, ਲੜਾਈ ਤੇ ਜੁੱਧ ਦੇ ਦਿਨਾਂ ਲਈ ਵੀ?**
**24ਚਾਨਣ ਦੀ ਵੰਡ ਦਾ ਰਾਹ ਕਿਹੜਾ ਹੈ, ਯਾ ਪੁਰੇ ਦੀ ਹਵਾ ਦਾ ਧਰਤੀ ਉੱਤੇ ਖਿਲਾਰਨਾ**
**ਕਿਵੇਂ ਹੈ?**

**ਆਇਤਾਂ 22-24. ਬਰਫ਼** ਅਤੇ **ਗੜੇ** ਮਨੁੱਖ ਲਈ ਅਨੋਖੇ ਭੇਤ ਹਨ। ਜਦ ਕਿ "ਬਰਫ਼" ਦੀ ਇਸ ਦੀ ਸੁੰਦਰਤਾ ਲਈ ਪ੍ਰਸ਼ੰਸਾ ਕੀਤੀ ਗਈ ਸੀ, ਇਹ ਸੈਨਾ ਲਈ ਵਿਨਾਸ਼ਕਾਰੀ ਵੀ

ਸਾਬਤ ਹੋ ਸਕਦੀ ਹੈ। "ਗੜਿਆਂ" ਨੂੰ ਇਕ ਡਰਾਉਣੀ ਤਾਕਤ ਸਮਝਿਆ ਗਿਆ ਸੀ। ਬਰਫ਼ ਅਤੇ ਗੜੇ ਪਰਮੇਸ਼ੁਰ ਦੇ ਅਸਲੇਖਾਨੇ ਵਿਚ ਹਥਿਆਰਾਂ ਵਜੋਂ ਦਰਸਾਏ ਗਏ ਹਨ; ਉਹ ਉਸ ਦੇ **ਖ਼ਜ਼ਾਨਿਆਂ** ਵਿਚ ਇਕੱਠੇ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ **ਦੁਖ ਦੇ ਵੇਲੇ ਲਈ, ਲੜਾਈ ਤੇ ਜੁੱਧ ਲਈ ਬਚਾ ਕੇ ਰੱਖਿਆ ਗਿਆ ਹੈ।** ਪੁਰਾਣੇ ਨੇਮ ਵਿਚ ਬੁਰਾਈ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਪਰਮੇਸ਼ੁਰ ਅਕਸਰ ਗੜਿਆਂ ਦੀ ਵਰਤੋਂ ਕਰਦਾ ਸੀ (ਕੂਚ 9:17-25; ਯਹੋਸ਼ੁਆ 10:11; ਯਸਾਯਾਹ 28:2, 17; ਹੱਜਈ 2:17)।

**ਚਾਨਣ** ਨੂੰ ਰਚਨਾ ਦੇ ਸਮੇਂ ਪਰਮੇਸ਼ੁਰ ਦੁਆਰਾ ਅਨ੍ਹੇਰੇ ਤੋਂ **ਵੰਡ** ਦਿੱਤਾ ਗਿਆ [ਸੀ] (ਉਤਪਤ 1:14-18)। ਕੁਝ ਅਨੁਵਾਦ "ਚਾਨਣ" (אוֹר, *ਓਰ)* ਦਾ "ਬਿਜਲੀ" (NIV; NJB; CEV) ਵਜੋਂ ਅਨੁਵਾਦ ਕਰਦੇ ਹਨ; NASB ਬਾਈਬਲ ਇਹ ਹੋਰ ਮਾਮਲਿਆਂ ਵਿਚ ਕਰਦੀ ਹੈ (36:32; 37:3, 11, 15)। **ਪੁਰੇ ਦੀ ਹਵਾ** ਜੋ ਅਰਬ ਰੇਗਿਸਤਾਨ ਤੋਂ ਆਉਂਦੀ ਹੈ ਬਹੁਤ ਸੁੱਕੀ ਅਤੇ ਗਰਮ ਹੁੰਦੀ ਹੈ।

## ਕੁਦਰਤ ਦਾ ਰੱਬੀ ਨਿਯੰਤਰਣ (38:25-30)

**25ਕਿਹ ਨੇ ਹੜ੍ਹਾਂ ਲਈ ਨਾਲੀ ਪੁੱਟੀ, ਯਾ ਕੜਕਣ ਵਾਲੀ ਬਿਜਲੀ ਲਈ ਰਾਹ**
**ਬਣਾਇਆ, 26ਤਾਂ ਜੋ ਮਨੁੱਖ ਤੋਂ ਖ਼ਾਲੀ ਧਰਤੀ ਉੱਤੇ ਮੀਂਹ ਵਰ੍ਹਾਵੇ, ਉਜਾੜ ਉੱਤੇ ਜਿੱਥੇ ਕੋਈ**
**ਆਦਮੀ ਨਹੀਂ, 27ਭਈ ਉੱਜੜੇ ਤੇ ਸੁੰਞੇ ਦੇਸ ਨੂੰ ਰਜਾਵੇ, ਅਤੇ ਹਰਾ ਘਾਹ ਉਗਾਵੇ? 28ਮੀਂਹ**
**ਦਾ ਕੋਈ ਪਿਉ ਹੈ, ਯਾ ਤ੍ਰੇਲ ਦੀਆਂ ਬੂੰਦਾਂ ਕਿਸ ਤੋਂ ਜੰਮੀਆਂ? 29ਕਿਹ ਦੇ ਗਰਭ ਤੋਂ ਬਰਫ਼**
**ਜੰਮੀ, ਯਾ ਅਕਾਸ਼ ਦਾ ਕੱਕਰ ਕਿਸ ਤੋਂ ਜੰਮਿਆ? 30ਪਾਣੀ ਪੱਥਰ ਵਾਂਙੁ ਜੰਮ ਜਾਂਦੇ, ਅਤੇ**
**ਡੂੰਘਿਆਈ ਦੀ ਤਹਿ ਉੱਤੇ ਜਮਾਓ ਹੋ ਜਾਂਦਾ ਹੈ।**

**ਆਇਤਾਂ 25-27.** ਪ੍ਰਸ਼ਨਾਂ ਦਾ ਇਹ ਸਮੂਹ ਮਨੁੱਖਾਂ ਦੇ ਮੁਕਾਬਲੇ ਪਰਮੇਸ਼ੁਰ ਦੀ ਬੁੱਧੀ ਨੂੰ ਦਰਸਾਉਂਦਾ ਹੈ। ਪਰਮੇਸ਼ੁਰ ਨੇ ਧਰਤੀ ਉੱਤੇ ਮੀਂਹ ਭੇਜਣ ਲਈ **ਹੜ੍ਹਾਂ ਲਈ ਨਾਲੀ ਪੁੱਟੀ** ਸੀ। ਬਹੁਤ ਸਾਰੇ ਲੋਕ **ਉੱਜੜੇ** ਅਤੇ **ਸੁੰਞੇ ਦੇਸ** ਨੂੰ ਪਾਣੀ ਦੇਣਾ ਸੋਮਿਆਂ ਦੀ ਬਰਬਾਦੀ ਮੰਨਦੇ ਸਨ। ਹਾਰਟਲੀ ਨੇ ਟਿੱਪਣੀ ਕੀਤੀ, "ਉਨ੍ਹਾਂ ਦੀ ਕਲਪਨਾ ਕੀਤੀ ਸੂਝਵਾਨ (ਹਾਲਾਂਕਿ ਸੁਆਰਥੀ) ਯੋਜਨਾਬੰਦੀ ਵਿਚ ਉਹ ਆਪਣੇ ਲਾਭ ਅਤੇ ਅਨੰਦ ਲਈ ਮੌਸਮ ਦਾ ਪ੍ਰਬੰਧਨ ਕਰਦੇ ਸਨ। ਨਤੀਜੇ ਵਜੋਂ ਕੁਦਰਤ ਦਾ ਸੰਤੁਲਨ ਵਿਗੜ ਜਾਂਦਾ ਸੀ ਅਤੇ ਕਾਸ਼ਤ ਕੀਤੀ ਜ਼ਮੀਨ ਇਕ ਉਜਾੜ ਬਣ ਜਾਂਦੀ ਸੀ।"[15] ਉਜਾੜਾਂ ਨੂੰ ਪਾਣੀ ਦੇਣਾ ਉਨ੍ਹਾਂ ਖੇਤਰਾਂ ਦੇ ਪਸ਼ੂ-ਜੀਵਨ ਲਈ ਘਾਹ ਉਗਾਉਣ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ, ਹੋਮਰ ਹੇਲੀ ਨੇ ਦੱਸਿਆ,

> ਹਾਲਾਂਕਿ ਪਾਣੀ ਕਿਸੇ ਉਜਾੜ ਵਿਚ ਡਿੱਗ ਸਕਦੇ ਹਨ, ਜਾਂ ਤਾਂ ਉਹ ਭੂਮੀਗਤ ਰੂਪ ਵਿਚ ਦੂਰ ਦੇਸ਼ ਦੇ ਕਿਨਾਰਿਆਂ ਅਤੇ ਸ਼ਹਿਰਾਂ ਦੇ ਵਸਨੀਕਾਂ ਦੁਆਰਾ ਵਰਤੇ ਜਾ ਸਕਦੇ ਹਨ ਕਿਉਂਕਿ ਇਹ ਖੂਹਾਂ ਵਿਚ ਕੱਢੇ ਜਾਂਦੇ ਹਨ, ਜਾਂ ਝਰਨਿਆਂ ਅਤੇ ਚਸ਼ਮਿਆਂ ਦੇ ਪਾਣੀ, ਜਾਂ ਨਦੀਆਂ ਵਿਚ ਜੋ ਪਾਣੀ ਵਗਦੇ ਹਨ ਸਿੰਚਾਈ ਲਈ ਵਰਤੇ ਜਾਂਦੇ ਹਨ।[16]

**ਆਇਤਾਂ 28-30.** ਪਾਣੀ ਨੂੰ ਇੱਥੇ ਵੱਖ-ਵੱਖ ਰੂਪਾਂ ਵਿਚ ਦਰਸਾਇਆ ਗਿਆ ਹੈ: **ਮੀਂਹ**, **ਤ੍ਰੇਲ ਦੀਆਂ ਬੂੰਦਾਂ**, **ਬਰਫ਼** ਅਤੇ **ਕੱਕਰ**। ਇਹ ਨਾ ਤਾਂ ਕਿਸੇ **ਪਿਉ** ਦੁਆਰਾ **ਜੰਮੇ** ਸਨ ਨਾ ਹੀ ਕਿਸੇ ਮਾਂ ਨੇ ਇਨ੍ਹਾਂ ਨੂੰ **ਜਨਮ ਦਿੱਤਾ** ਸੀ; ਉਹ "ਛੋਟੇ ਦੇਵਤੇ ਨਹੀਂ ਹਨ ਜਿਨ੍ਹਾਂ ਦਾ ਕੋਈ ਮਾਂ ਅਤੇ ਪਿਉ ਹੈ, ਜਿਵੇਂ ਕਿ ਪੁਰਾਣੀਆਂ ਮਿਥਿਹਾਸਕ ਕਥਾਵਾਂ ਦੱਸਦੀਆਂ ਹਨ।"[17] ਬਲਕਿ, ਉਹ ਸਰਬ ਸ਼ਕਤੀਮਾਨ ਪਰਮੇਸ਼ੁਰ ਬਣਾਏ ਗਏ ਸਨ (ਜ਼ਬੂਰ 147:16-18)।

"ਤ੍ਰੇਲ" ਦੇ ਸੰਬੰਧ ਵਿਚ, ਰੌਬਰਟ ਐਲ. ਐਲਡਨ ਦਾ ਇਹ ਕਹਿਣਾ ਸੀ: "ਮੱਧ ਪੂਰਬ ਦੀ ਲੰਬੀ ਤਪਸ਼ ਗਰਮੀ ਵਿਚ, ਲੋਕਾਂ ਨੂੰ ਅਤੇ ਪੌਦਿਆਂ ਨੂੰ ਆਪਣੇ ਸੰਸਾਰ ਨੂੰ ਪਾਣੀ ਦੇਣ ਦੇ ਲਈ ਤ੍ਰੇਲ ਦੇ ਨਿਰਭਰ ਹੋਣਾ ਪਵੇਗਾ ਕਿਉਂਕਿ ਵਿਸ਼ਵ (ਮਾਰਚ ਦੇ ਅੱਧ ਤੋਂ ਲੈ ਕੇ ਸਤੰਬਰ ਦੇ ਅੱਧ ਤੱਕ) ਦੇ ਵਿਚਕਾਰ ਮੀਂਹ ਨਹੀਂ ਪੈਂਦਾ।[18] "ਕੱਕਰ" ਤ੍ਰੇਲ ਹੈ ਜੋ ਜ਼ਮੀਨ ਤੇ ਜੰਮ ਜਾਂਦੀ ਹੈ। "ਬਰਫ਼" ਜ਼ਰੂਰ ਉਨ੍ਹਾਂ ਲਈ ਇਕ ਦਿਲਚਸਪ ਵਿਸ਼ਾ ਰਿਹਾ ਹੋਵੇਗਾ ਜਿਹੜੇ ਇਸ ਇਲਾਕੇ ਵਿਚ ਰਹਿੰਦੇ ਸਨ। ਹਰਮੋਨ ਪਹਾੜ ਦੀਆਂ ਉੱਚੀਆਂ ਉਚਾਈਆਂ ਅਤੇ ਅਜਿਹੀਆਂ ਹੋਰ ਥਾਵਾਂ ਤੇ ਰਹਿਣ ਵਾਲੇ ਲੋਕਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਲੋਕਾਂ ਨੇ ਕਦੇ ਇਸ ਨੂੰ ਵੇਖਿਆ ਹੋਵੇਗਾ। ਜਦੋਂ **ਪਾਣੀ** ਬਰਫ਼ ਵਿਚ ਬਦਲ ਜਾਂਦਾ ਹੈ, ਤਾਂ ਇਹ **ਪੱਥਰ ਵਾਂਙੂ** ਸਖ਼ਤ ਹੋ ਜਾਂਦਾ ਹੈ ਅਤੇ **ਡੂੰਘਿਆਈ ਦੀ ਤਹਿ** ਜੰਮ ਜਾਂਦੀ ਹੈ।

## ਅਕਾਸ਼ਾਂ ਦਾ ਰੱਬੀ ਨਿਯੰਤਰਣ (38:31-33)

**31ਕੀ ਤੂੰ ਕੱਚਪਚਿਆ ਦੇ ਬੰਦਨਾਂ ਨੂੰ ਬੰਨ੍ਹ ਸੱਕਦਾ, ਯਾ ਸਪਤ੍ਰਿਖ ਦੇ ਰੱਸਿਆਂ ਨੂੰ ਖੋਲ੍ਹ ਸੱਕਦਾ ਹੈਂ? 32ਕੀ ਤੂੰ ਰੁੱਤ ਸਿਰ ਮੱਜ਼ਰੋਥ ਨੂੰ ਕੱਢ ਸੱਕਦਾ, ਯਾ ਜੱਬਾਰ ਦੀ ਉਹ ਦੇ ਬੱਚਿਆਂ ਸਣੇ ਅਗਵਾਈ ਕਰ ਸੱਕਦਾ ਹੈਂ? 33ਕੀ ਤੂੰ ਅਕਾਸ਼ ਦੀਆਂ ਬਿਧੀਆਂ ਨੂੰ ਜਾਣਦਾ ਹੈਂ? ਕੀ ਤੂੰ ਉਹ ਦਾ ਰਾਜ ਧਰਤੀ ਤੇ ਕਾਇਮ ਕਰ ਸੱਕਦਾ ਹੈਂ?**

**ਆਇਤਾਂ 31-33. ਕੱਚਪਚਿਆਂ**,[19] **ਸਪਤ੍ਰਿਖ** ਅਤੇ **ਜੱਬਾਰ**[21] ਸਾਰੇ ਤਾਰਿਆਂ ਦੇ ਮੰਡਲ ਜਾਂ ਸਮੂਹ ਸਨ। ਅੱਯੂਬ ਪਹਿਲਾਂ ਹੀ ਮੰਨ ਚੁੱਕਾ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਣਾਇਆ ਸੀ (9:5-9 ਤੇ ਟਿੱਪਣੀਆਂ ਵੇਖੋ)। ਇਬਰਾਨੀ ਸ਼ਬਦ מַזָּרוֹת *(ਮੱਜ਼ਰੋਥ)* ਦਾ ਸਹੀ ਅਰਥ ਜਿਸ ਦਾ ਅਨੁਵਾਦ **ਮੱਜ਼ਰੋਥ** ਕੀਤਾ ਗਿਆ ਹੈ ਵਿਵਾਦਪੂਰਨ ਹੈ; ਕੁਝ ਸੰਸਕਰਣ ਇਸ ਸ਼ਬਦ ਦਾ ਲਿਪੀਆਂਤਰਣ ਇਕ ਸਹੀ ਨਾਮ ਵਜੋਂ ਕਰਦੇ ਹਨ (KJV; ASV; NRSV; NJPSV)। ਜੱਬਾਰ ਦੇ **ਬੱਚਿਆਂ**, ਜਾਂ ਵਧੇਰੇ ਸ਼ਾਬਦਿਕ ਰੂਪ ਵਿਚ, "ਪੁੱਤਰਾਂ" "ਉਰਸਾ ਮਾਈਨਰ ਦੇ ਰੂਪ ਵਿਚ ਜਾਣੇ ਜਾਣ ਵਾਲੇ ਤਾਰਿਆਂ ਦੇ ਸਮੂਹ ਦਾ ਹਵਾਲਾ ਦੇ ਸਕਦਾ ਹੈ ਜਿਨ੍ਹਾਂ ਨੂੰ 'ਛੋਟਾ ਜੱਬਾਰ,' 'ਦ ਲਿਟਲ ਡਿੱਪਰ' ਵੀ ਕਿਹਾ ਜਾਂਦਾ ਹੈ ਜਿਸ ਵਿਚ ਪੋਲਾਰਿਸ, ਦ ਨੌਰਥ ਸਟਾਰ ਸ਼ਾਮਲ ਹੈ।"[22] ਇਕ ਹੋਰ ਸੰਭਾਵਨਾ ਇਹ ਹੈ ਕਿ "ਬੱਚਿਆਂ" ਬਿਗ ਡਿੱਪਰ ਦੇ "ਹੈਂਡਲ" ਨੂੰ ਦਰਸਾਉਂਦਾ ਹੈ - ਜੋ ਕਿ ਜੱਬਾਰ ਦੀ ਪੂਛ ਦੇ ਤਿੰਨ ਤਾਰੇ ਵੀ ਹਨ।[23]

ਇਹ ਸਪੱਸ਼ਟ ਹੈ ਕਿ ਅੱਯੂਬ ਦਾ ਕਿਸੇ ਵੀ ਤਾਰੇ ਤੇ ਕੋਈ ਨਿਯੰਤਰਣ ਨਹੀਂ ਸੀ, ਜਿਵੇਂ ਕਿ **ਬੰਨ੍ਹ**, **ਖੋਲ੍ਹ**, **ਕੱਢ** ਅਤੇ **ਅਗਵਾਈ** ਸ਼ਬਦ ਜ਼ੋਰ ਦਿੰਦੇ ਹਨ। ਤਾਰੇ ਸਿਰਜਣਹਾਰ ਦੇ ਪ੍ਰਬੰਧ ਅਧੀਨ ਹਨ। **ਅਕਾਸ਼ ਦੀਆਂ ਬਿਧੀਆਂ** "ਉਹ ਨਿਯਮ ਹਨ ਜੋ ਅਨੇਕਾਂ ਤਾਰਿਆਂ ਦੀਆਂ ਚਾਲਾਂ ਨੂੰ ਨਿਯੰਤ੍ਰਿਤ ਕਰਦੇ ਹਨ।"[24]

## ਬੱਦਲਾਂ ਦਾ ਰੱਬੀ ਨਿਯੰਤਰਣ (38:34-38)

**34ਕੀ ਤੂੰ ਆਪਣੀ ਅਵਾਜ਼ ਨੂੰ ਬੱਦਲ ਤੀਕ ਉੱਚੀ ਕਰ ਸੱਕਦਾ ਹੈਂ, ਭਈ ਪਾਣੀ ਦੀ ਵਾਫ਼ਰੀ ਤੈਨੂੰ ਕੱਜ ਲਵੇ? 35ਕੀ ਤੂੰ ਬਿਜਲੀਆਂ ਨੂੰ ਘੱਲ ਸੱਕਦਾ ਹੈਂ ਭਈ ਉਹ ਚੱਲੀਆਂ ਜਾਣ, ਅਤੇ ਓਹ ਤੈਨੂੰ ਆਖਣ, "ਅਸੀਂ ਹਾਜ਼ਿਰ ਹਾਂ?" 36ਘਟਾਂ ਵਿੱਚ ਬੁੱਧੀ ਕਿਸ ਨੇ ਰੱਖੀ, ਯਾ ਟੁੱਟਦੇ ਤਾਰੇ ਨੂੰ ਕਿਸ ਨੇ ਸਮਝ ਬਖ਼ਸ਼ੀ? 37ਕੌਣ ਬੱਦਲਾਂ ਨੂੰ ਬੁੱਧੀ ਨਾਲ ਗਿਣ ਸੱਕਦਾ ਹੈ, ਅਤੇ ਅਕਾਸ਼ ਦੀਆਂ ਮਸ਼ਕਾਂ ਨੂੰ ਕੌਣ ਡੋਹਲ ਸੱਕਦਾ ਹੈ, 38ਜਦ ਧੂੜ ਮਿਲ ਕੇ ਘਾਣੀ ਬਣ**

**ਜਾਂਦੀ ਹੈ, ਅਤੇ ਡਲੇ ਘੁੱਲ ਜਾਂਦੇ ਹਨ?**

**ਆਇਤਾਂ 34-38.** ਯਹੋਵਾਹ ਨੇ ਅੱਯੂਬ ਨੂੰ ਮੌਸਮ ਸੰਬੰਧੀ ਵਰਤਾਰੇ ਬਾਰੇ ਪੁੱਛਣਾ ਜਾਰੀ ਰੱਖਿਆ ਜਿਸ ਦੇ ਬਾਰੇ ਉਹ ਕੁਝ ਨਹੀਂ ਜਾਣਦਾ ਸੀ। **ਘਟਾਂ ਵਿੱਚ ਬੁੱਧੀ ਕਿਸ ਨੇ ਰੱਖੀ, ਯਾ ਟੁੱਟਦੇ ਤਾਰੇ ਨੂੰ ਕਿਸ ਨੇ ਸਮਝ ਬਖ਼ਸ਼ੀ?** NASB ਬਾਈਬਲ ਵਿਚ טֻחוֹת *(ਟੁਚੋਥ)* ਅਤੇ שֶׂכְוִי *(ਸੇਕਵੀ)* ਸ਼ਬਦ, ਜਿਨ੍ਹਾਂ ਦਾ ਅਨੁਵਾਦ "ਘਟਾਂ" ਅਤੇ "ਟੁੱਟਦੇ ਤਾਰੇ" ਕੀਤਾ ਗਿਆ ਹੈ, ਨੂੰ ਹੋਰ ਤਰੀਕਿਆਂ ਨਾਲ ਸਮਝਿਆ ਗਿਆ ਹੈ। ਉਹ ਵੱਖ-ਵੱਖ ਕਿਸਮਾਂ ਦੇ ਬੱਦਲਾਂ ਜਾਂ ਤਾਰਿਆਂ ਦਾ ਹਵਾਲਾ ਦੇ ਸਕਦੇ ਹਨ।[25] ਸਵਾਲ ਭਾਵੇਂ ਇਨਸਾਨਾਂ ਦਾ ਹੋਵੇ ਜਾਂ ਅਕਾਸ਼ਾਂ ਦਾ, ਜਵਾਬ ਇਕ ਹੀ ਹੈ: ਪਰਮੇਸ਼ੁਰ, ਹਰੇਕ ਚੀਜ਼ ਦਾ ਸਿਰਜਣਹਾਰ। ਬਾਈਬਲ ਵਿਚ ਇਹੋ ਇਕਮਾਤਰ ਜਗ੍ਹਾ ਹੈ ਜਿੱਥੇ ਮੀਂਹ ਦੀ ਤੁਲਨਾ **ਅਕਾਸ਼ ਦੀਆਂ ਮਸ਼ਕਾਂ** [ਜਾਂ "ਪਾਣੀ ਦਿਆਂ ਘੜਿਆਂ"; NJB] ਨਾਲ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੇ ਮੂਸਲਾਧਾਰ ਮੀਂਹ ਦੇ ਨਤੀਜੇ ਵਜੋਂ, **ਧੂੜ ਮਿਲ ਕੇ ਘਾਣੀ ਬਚ ਜਾਂਦੀ ਹੈ, ਅਤੇ ਡਲੇ ਘੁਲ ਜਾਂਦੇ ਹਨ।**

## ਜੰਗਲੀ ਜੀਵਨ ਲਈ ਪਰਮੇਸ਼ੁਰ ਦੀ ਵਿਵਸਥਾ (38:39-41)

**39ਕੀ ਤੂੰ ਬਬਰ ਸ਼ੇਰ ਲਈ ਸ਼ਿਕਾਰ ਮਾਰ ਸੱਕਦਾ, ਅਤੇ ਬਬਰ ਸ਼ੇਰ ਦੇ ਬੱਚਿਆਂ ਦੀ ਹਯਾਤੀ ਨੂੰ ਰਜਾ ਸੱਕਦਾ ਹੈਂ, 40ਜਦ ਓਹ ਆਪਣੀਆਂ ਖੁੰਧਰਾਂ ਵਿੱਚ ਦੱਬਕੇ ਬੈਠੇ ਹਨ, ਅਤੇ ਅੜਤਲੇ ਵਿੱਚ ਛਹਿ ਲਾ ਕੇ ਰਹਿੰਦੇ ਹਨ? 41ਕੌਣ ਪਹਾੜੀ ਕਾਂ ਲਈ ਉਹ ਦਾ ਚੋੱਗਾ ਤਿਆਰ ਕਰਦਾ ਹੈ, ਜਦ ਉਹ ਦੇ ਬੱਚੇ ਪਰਮੇਸ਼ੁਰ ਅੱਗੇ ਚਿੱਲਾਉਂਦੇ ਹਨ, ਅਤੇ ਓਹ ਖਾਜੇ ਤੋਂ ਬਿਨਾ ਭੌਂਦੇ ਫਿਰਦੇ ਹਨ?**

ਗੱਲਬਾਤ ਦੇ ਇਸ ਬਿੰਦੂ ਤੇ, ਪ੍ਰਸ਼ਨ ਸੁਰਗੀ ਘਟਨਾ ਨਾਲ ਸੰਬੰਧਤ ਪ੍ਰਸ਼ਨਾਂ ਤੋਂ ਲੈ ਕੇ ਜਾਨਵਰਾਂ ਅਤੇ ਪੰਛੀਆਂ ਦੇ ਲਈ ਪਰਮੇਸ਼ੁਰ ਦੀ ਦੇਖਭਾਲ ਅਤੇ ਚਿੰਤਾ ਦੀ ਵੱਲ ਮੁੜਦੇ ਹਨ। ਹਰ ਇਕ ਮਾਮਲੇ ਵਿਚ, ਘੋੜੇ ਨੂੰ ਛੱਡ ਕੇ, ਜਾਨਵਰ ਜੰਗਲੀ ਹਨ, ਪਾਲਤੂ ਨਹੀਂ।

**ਆਇਤਾਂ 39, 40. ਬਬਰ ਸ਼ੇਰ** ਦਾ ਜ਼ਿਕਰ ਬਾਈਬਲ ਵਿਚ ਕਿਸੇ ਵੀ ਹੋਰ ਅਪਾਲਤੂ ਜਾਨਵਰ ਦੀ ਤੁਲਨਾ ਵਿਚ ਜ਼ਿਆਦਾ ਵਾਰ ਕੀਤਾ ਗਿਆ ਹੈ। ਅਲੀਫ਼ਜ਼ ਨੇ ਆਪਣੀ ਪਹਿਲੀ ਗੱਲਬਾਤ ਵਿਚ "ਬਬਰ ਸ਼ੇਰ" ਅਤੇ **ਬਬਰ ਸ਼ੇਰ ਦੇ ਬੱਚਿਆਂ** ਦਾ ਜ਼ਿਕਰ ਕੀਤਾ ਸੀ (4:10)। ਉਸ ਸੰਦਰਭ ਵਿਚ ਪਰਮੇਸ਼ੁਰ ਦੁਆਰਾ ਉਨ੍ਹਾਂ ਦੇ ਨਾਸ ਤੇ ਟਿੱਪਣੀ ਕੀਤੀ ਗਈ ਸੀ, ਜਦ ਕਿ ਮੌਜੂਦਾ ਮੂਲ ਲਿਖਤ ਵਿਚ ਉਨ੍ਹਾਂ ਦੀ ਸੁਰੱਖਿਆ ਤੇ ਜ਼ੋਰ ਦਿੱਤਾ ਗਿਆ ਹੈ। ਰਾਉਲੀ ਨੇ ਲਿਖਿਆ,

> ਬਬਰ ਸ਼ੇਰ ਆਪਣੀ ਖ਼ਾਤਰ ਕਿਸੇ ਵੀ ਆਦਮੀ ਦੀ ਤੁਲਨਾ ਵਿਚ ਆਪਣੇ ਸ਼ਿਕਾਰ ਨੂੰ ਸੁਰੱਖਿਅਤ ਕਰਨ ਵਿਚ ਵਧੇਰੇ ਸਮਰੱਥ ਹੈ ਅਤੇ ਕੋਈ ਵੀ ਆਦਮੀ ਇਸ ਤਰੀਕੇ ਨਾਲ ਇਸ ਦੀ ਸੇਵਾ ਕਰਨ ਵਿਚ ਦਿਲਚਸਪੀ ਨਹੀਂ ਦੇਵੇਗਾ। ਫਿਰ ਵੀ ਪਰਮੇਸ਼ੁਰ ਉਸ ਦੀ ਪਰਵਾਹ ਕਰਦਾ ਹੈ ਅਤੇ ਸ਼ਿਕਾਰ ਦਾ ਪਿੱਛਾ ਕਰਨ ਵਿਚ ਉਸ ਨੂੰ ਤਾਕਤ ਅਤੇ ਚਲਾਕੀ ਦਿੱਤੀ ਹੈ ਅਤੇ ਇਸ ਦੇ ਸ਼ਿਕਾਰ ਨੂੰ ਇਸ ਦੇ ਆਸ ਪਾਸ ਲਿਆਉਂਦਾ ਹੈ।[26]

ਜ਼ਬੂਰ 104:21 ਕਹਿੰਦੀ ਹੈ, "ਜੁਆਨ ਬਬਰ ਸ਼ੇਰ ਸ਼ਿਕਾਰ ਲਈ ਗੱਜਦੇ ਹਨ, ਅਤੇ ਪਰਮੇਸ਼ੁਰ ਕੋਲੋਂ ਆਪਣਾ ਆਹਾਰ ਮੰਗਦੇ ਹਨ।"

**ਆਇਤ 41. ਪਹਾੜੀ ਕਾਂ** ਨੂਹ ਦੁਆਰਾ ਕਿਸ਼ਤੀ ਵਿੱਚੋਂ ਬਾਹਰ ਭੇਜੇ ਗਏ ਪੰਛੀਆਂ ਵਿੱਚੋਂ

ਇਕ ਸੀ (ਉਤਪਤ 8:7)। ਫੇਰ, ਉਸ ਦੇ ਜੀਵ-ਜੰਤੂਆਂ ਲਈ ਪਰਮੇਸ਼ੁਰ ਦਾ ਪ੍ਰਬੰਧ ਅਤੇ ਦੇਖਭਾਲ ਇਕ ਮਹੱਤਵਪੂਰਣ ਮੁੱਦਾ ਹੈ। ਪਰਮੇਸ਼ੁਰ ਨਾ ਸਿਰਫ ਸ਼ਕਤੀਸ਼ਾਲੀ ਸ਼ੇਰ ਲਈ ਪ੍ਰਦਾਨ ਕਰਦਾ ਹੈ, ਉਹ ਹਵਾ ਦੇ ਪੰਛੀਆਂ ਲਈ ਵੀ ਪ੍ਰਦਾਨ ਕਰਦਾ ਹੈ।

# ਪ੍ਰਾਸੰਗਿਕਤਾ

## ਪ੍ਰਸ਼ਨਾਂ ਦੀ ਵਰਤੋਂ (ਅਧਿਆਇ 38-41)

ਅੱਯੂਬ 38-41 ਵਿਚ ਆਪਣੀਆਂ ਪੂਰੀਆਂ ਗੱਲਬਾਤਾਂ ਦੌਰਾਨ, ਪਰਮੇਸ਼ੁਰ ਨੇ ਅੱਯੂਬ ਨੂੰ ਉਸ ਦੀ ਸਮਝ ਦੀ ਘਾਟ ਲਈ ਦੋਸ਼ੀ ਠਹਿਰਾਉਣ ਅਤੇ ਅੱਯੂਬ ਨੂੰ ਉਸ ਉੱਤੇ ਪੂਰਾ ਭਰੋਸਾ ਰੱਖਣ ਲਈ ਸਿਖਲਾਈ ਦੇਣ ਲਈ ਪ੍ਰਸ਼ਨ ਪੁੱਛੇ। ਇਨ੍ਹਾਂ ਪ੍ਰਸ਼ਨ ਉਨ੍ਹਾਂ ਦਾ ਇੱਛਤ ਨਤੀਜਾ ਲੈ ਕੇ ਆਏ। ਜਦੋਂ ਪਰਮੇਸ਼ੁਰ ਨੇ ਬੋਲਣਾ ਬੰਦ ਕਰ ਦਿੱਤਾ, ਅੱਯੂਬ ਨੇ ਐਲਾਨ ਕੀਤਾ, “ਏਸ ਲਈ ਮੈਂ ਆਪਣੇ ਆਪ ਤੋਂ ਘਿਣ ਕਰਦਾ ਹਾਂ ਅਤੇ ਮੈਂ ਖ਼ਾਕ ਤੇ ਸੁਆਹ ਵਿੱਚ ਪਛਤਾਉਂਦਾ ਹਾਂ” (42:6)।

ਯਿਸੂ, ਸੁਆਮੀ ਗੁਰੂ, ਅਕਸਰ ਉਨ੍ਹਾਂ ਨੂੰ ਚੁਣੌਤੀ ਦੇਣ ਲਈ ਪ੍ਰਸ਼ਨਾਂ ਦੀ ਵਰਤੋਂ ਕਰਦੇ ਸਨ ਜਿਸ ਨੂੰ ਉਹ ਸਿਖਾਉਣ ਦੀ ਕੋਸ਼ਿਸ਼ ਕਰਦੇ ਸਨ। (1) ਇਕ ਕਹਾਣੀ ਦੱਸਣ ਤੋਂ ਬਾਅਦ ਜਿਸ ਵਿਚ ਦੋ ਕਰਜ਼ਦਾਰਾਂ ਨੂੰ ਵੱਖੋ-ਵੱਖਰੀਆਂ ਰਕਮਾਂ ਮਾਫ਼ ਕਰ ਦਿੱਤੀਆਂ ਗਈਆਂ ਸਨ, ਯਿਸੂ ਨੇ ਇਕ ਆਤਮ-ਧਰਮੀ ਫ਼ਰੀਸੀ ਨੂੰ ਜਿਸ ਦਾ ਨਾਮ ਸ਼ਮਊਨ ਸੀ ਪੁੱਛਿਆ, “ਸੋ ਉਨ੍ਹਾਂ ਵਿੱਚੋਂ ਉਸ [ਸ਼ਾਹੂਕਾਰ] ਨਾਲ ਕਿਹੜਾ ਵਧੀਕ ਪਿਆਰ ਕਰੇਗਾ?” (ਲੂਕਾ 7:42)। (2) ਜਦੋਂ ਸ਼ਰਾ ਦੇ ਸਿਖਾਉਣ ਵਾਲੇ ਨੇ ਯਿਸੂ ਨੂੰ ਪੁੱਛਿਆ ਕਿ ਉਸ ਨੂੰ ਸਦੀਪਕ ਜੀਵਨ ਪ੍ਰਾਪਤ ਕਰਨ ਲਈ ਕੀ ਕਰਨ ਦੀ ਜ਼ਰੂਰਤ ਹੈ, ਤਾਂ ਉਸ ਨੇ ਪ੍ਰਸ਼ਨਾਂ ਨਾਲ ਉੱਤਰ ਦਿੱਤਾ: “ਤੁਰੇਤ ਵਿੱਚ ਕੀ ਲਿਖਿਆ ਹੈ? ਤੂੰ ਕਿੱਕੁਰ ਪੜ੍ਹਦਾ ਹੈਂ?” (ਲੂਕਾ 10:26)। (3) ਯਿਸੂ ਨੇ ਆਪਣੇ ਚੇਲਿਆਂ ਨੂੰ ਆਪਣੀ ਪਛਾਣ ਬਾਰੇ ਮਸ਼ਹੂਰ ਰਾਏ ਪੁੱਛੀ। ਫਿਰ ਉਸ ਨੇ ਪ੍ਰਸ਼ਨ ਉਨ੍ਹਾਂ ਵੱਲ ਮੋੜ ਦਿੱਤਾ ਜਿਸ ਦੇ ਨਤੀਜੇ ਵਜੋਂ ਪਤਰਸ ਨੇ ਇਕਰਾਰ ਕੀਤਾ। ਯਿਸੂ ਨੇ ਪੁੱਛਿਆ, “ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ?” (ਮੱਤੀ 16:15)। (4) ਜਦੋਂ ਯਰੂਸ਼ਲਮ ਵਿਚ ਧਾਰਮਿਕ ਅਧਿਕਾਰੀਆਂ ਨੇ ਉਸ ਦੇ ਇਖ਼ਤਿਆਰ ਨੂੰ ਚੁਣੌਤੀ ਦਿੱਤਾ, ਤਾਂ ਯਿਸੂ ਨੇ ਉਨ੍ਹਾਂ ਨੂੰ ਇਕ ਪ੍ਰਸ਼ਨ ਨਾਲ ਚੁੱਪ ਕਰਾਇਆ: “ਯੂਹੰਨਾ ਦਾ ਬਪਤਿਸਮਾ ਕਿੱਥੋਂ ਸੀ, ਸੁਰਗ ਵੱਲੋਂ ਯਾ ਮਨੁੱਖਾਂ ਵੱਲੋਂ?” (ਮੱਤੀ 21:25)। (5) ਯਿਸੂ ਨੇ ਫ਼ਰੀਸੀਆਂ ਦੇ ਇਕ ਸਮੂਹ ਨੂੰ ਹੈਰਾਨ ਕਰ ਦਿੱਤਾ ਜਿਨ੍ਹਾਂ ਨੇ ਇਹ ਮੰਨ ਲਿਆ ਸੀ ਕਿ ਮਸੀਹ ਦਾਊਦ ਦਾ ਪੁੱਤਰ ਸੀ। ਇਕ ਵਚਨ ਦਾ ਹਵਾਲਾ ਦਿੰਦਿਆਂ, ਉਸ ਨੇ ਪੁੱਛਿਆ, “ਫੇਰ ਦਾਊਦ ਆਤਮਾ ਦੀ ਰਾਹੀਂ ਕਿੱਕੁਰ ਉਹ ਨੂੰ ਪ੍ਰਭੂ ਆਖਦਾ?” (ਮੱਤੀ 22:43)।

ਪ੍ਰਸ਼ਨ ਅੱਜ ਸਿੱਖਿਆ ਦੇਣ ਦਾ ਇਕ ਸ਼ਕਤੀਸ਼ਾਲੀ ਔਜਾਰ ਹੋ ਸਕਦੇ ਹਨ। ਭਾਸ਼ਣ ਜੋ ਸੁਣਨ ਵਾਲਿਆਂ ਨੂੰ ਆਪਣੇ ਲਈ ਸੋਚਣ ਦਾ ਕਾਰਣ ਨਹੀਂ ਬਣਦੇ ਅਕਸਰ ਉਨ੍ਹਾਂ ਨੂੰ ਸੁਣਨ ਨਾਲ ਕੰਮਾਂ ਤੇ ਜੂੰ ਵੀ ਨਹੀਂ ਰੇਂਗਦੀ; ਸਰੋਤਿਆਂ ਦੀ ਅਸਾਨੀ ਨਾਲ ਸੁਣਨ ਵਿਚ ਕੋਈ ਰੁਚੀ ਨਹੀਂ ਰਹਿੰਦੀ ਅਤੇ ਉਹ ਸੁਸਤ ਬਣ ਜਾਂਦੇ ਹਨ। ਸਾਡੇ ਵਿੱਚੋਂ ਜਿਹੜੇ ਸਿੱਖਿਆ ਦਿੰਦੇ ਹਾਂ ਪਰਚਾਰ ਕਰਦੇ ਹਨ ਉਹ ਸਾਡੀ ਗੱਲਬਾਤ ਦੀ ਸ਼ੈਲੀ ਵਿਚ ਪ੍ਰਸ਼ਨਾਂ ਨੂੰ ਸ਼ਾਮਲ ਕਰ ਕੇ ਪਰਮੇਸ਼ੁਰ ਦੀ ਮਸੀਹ ਦੀ ਨਕਲ ਕਰਨ ਵਿਚ ਚੰਗਾ ਕਰਨਗੇ।

## ਅਕਾਸ਼ ਅਤੇ ਧਰਤੀ ਉੱਤੇ ਪਰਮੇਸ਼ੁਰ ਦਾ ਰਾਜ (38:1-38)

ਅੱਯੂਬ ਦੇ ਬਹੁਤ ਸਾਰਾ ਦੁੱਖ, ਮਖੌਲ ਅਤੇ ਆਲੋਚਨਾ ਸਹਿਣ ਤੋਂ ਬਾਅਦ, ਪਰਮੇਸ਼ੁਰ ਦੇ ਨਾਲ ਇਕ ਮੁਲਾਕਾਤ ਦੀ ਉਸ ਦੀ ਅਪੀਲ ਨੂੰ ਆਖ਼ਰਕਾਰ ਮਨਜ਼ੂਰ ਕਰ ਲਿਆ ਗਿਆ।

ਆਪਣੀ ਚੁੱਪੀ ਤੋੜਦਿਆਂ, ਯਹੋਵਾਹ ਨੇ ਆਪਣੇ ਸੇਵਕ ਨੂੰ ਇਕ ਤੇਜ਼ ਵਾਵਰੋਲੇ ਵਿੱਚੋਂ ਉੱਤਰ ਦਿੱਤਾ (38:1-3)।

ਪਰਮੇਸ਼ੁਰ ਨੇ ਉਸ ਦੇ ਦੁੱਖ ਦੇ ਕਾਰਣਾਂ ਬਾਰੇ ਦੱਸਣ ਦੀ ਬਜਾਇ, ਪਰਮੇਸ਼ੁਰ ਨੇ ਅੱਯੂਬ ਉੱਤੇ ਪ੍ਰਸ਼ਨਾਂ ਦੀ ਬੌਛਾਰ ਕਰ ਦਿੱਤੀ। ਉਸ ਨੇ ਅੱਯੂਬ ਨੂੰ ਉਸ ਦੇ ਉੱਤੇ ਭਰੋਸਾ ਕਰਨ ਦੀ ਚੁਣੌਤੀ ਦੇਣ ਲਈ ਅਜਿਹਾ ਕੀਤਾ। ਨਿਸ਼ਚਤ ਤੌਰ ਤੇ ਅੱਜ ਪਰਮੇਸ਼ੁਰ ਦੇ ਲੋਕਾਂ ਨੂੰ ਇਹ ਯਾਦ ਕਰਾਉਣ ਦੀ ਜ਼ਰੂਰਤ ਕਿ ਪਰਮੇਸ਼ੁਰ ਦੀ ਰਚਨਾ ਉੱਤੇ ਸੰਪੂਰਨ ਪ੍ਰਭੂਤਵ ਪਰਮੇਸ਼ੁਰ ਦਾ ਹੀ ਹੈ। ਸਾਡੇ ਜੀਵਨਾਂ ਦੇ ਹਾਲਾਤ ਇਕ ਬੁਝਾਰਤ ਦੇ ਟੁਕੜਿਆਂ ਵਾਂਗ ਹਨ ਅਤੇ ਕਿਉਂਕਿ ਸਾਡੇ ਕੋਲ ਪੂਰੀ ਤਸਵੀਰ ਨਹੀਂ ਹੈ, ਇਸ ਲਈ ਕੋਈ ਤਰੀਕਾ ਨਹੀਂ ਹੈ ਕਿ ਅਸੀਂ ਸਾਰੇ ਟੁੱਕੜੇ ਇਕੱਠੇ ਫਿੱਟ ਕਰ ਸਕੀਏ। ਕਈ ਵਾਰ ਅੜਚਨ ਸਾਨੂੰ ਪਰਮੇਸ਼ੁਰ ਦੇ ਭਵਿੱਖ ਦੇ ਕੰਮ ਦੀ ਝਲਕ ਵੇਖਣ ਦਿੰਦੀ ਹੈ। ਹਾਲਾਂਕਿ, ਸਾਡੇ ਜੀਵਨਾਂ ਵਿਚ ਕੁਝ ਸਥਿਤੀਆਂ ਅਤੇ ਘਟਨਾਵਾਂ ਦੀ ਸਾਨੂੰ ਬਹੁਤ ਘੱਟ ਸਮਝ ਆਉਂਦੀ ਹੈ। ਸਾਨੂੰ ਇਸ ਗੱਲ ਦਾ ਭਰੋਸਾ ਹੈ ਕਿ ਪਰਮੇਸ਼ੁਰ ਸਾਡੇ ਜੀਵਨਾਂ ਵਿਚ ਭਲਾ ਕੰਮ ਕਰੇਗਾ (ਰੋਮੀਆਂ 8:28)।

38:4-38 ਵਿਚ ਪਰਮੇਸ਼ੁਰ ਦੇ ਵਿਅੰਗਾਤਮਕ ਪ੍ਰਸ਼ਨ ਧਰਤੀ ਦੀ ਰਚਨਾ ਅਤੇ ਕੁਦਰਤੀ ਵਿਵਸਥਾ ਦੇ ਦੁਆਲੇ ਘੁੰਮਦੇ ਹਨ। ਇਨ੍ਹਾਂ ਆਇਤਾਂ ਨੂੰ, ਜੋ ਪਰਮੇਸ਼ੁਰ ਦੀ ਪ੍ਰਭੂਸੱਤਾ ਦੀ ਸ਼ਕਤੀ ਉੱਤੇ ਜ਼ੋਰ ਦਿੰਦੀਆਂ ਹਨ, ਨੌਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਹਰ ਭਾਗ ਵਿਚ ਗੂੜ੍ਹੇ ਰੂਪਕ ਹਨ ਜੋ ਪਰਮੇਸ਼ੁਰ ਦੇ ਸ਼ਾਨਦਾਰ ਕੰਮ ਦਾ ਵਰਣਨ ਕਰਦੇ ਹਨ। ਉਹ ਰਚਨਹਾਰ, ਪਾਲਣਹਾਰ ਅਤੇ ਜਗਤ ਦਾ ਸਰਦਾਰ ਹੈ।

*ਧਰਤੀ ਦੀ ਨੀਂਹ ਰੱਖਣਾ* (38:4-7)। ਧਰਤੀ ਦੀ ਰਚਨਾ ਨੂੰ ਪਰਮੇਸ਼ੁਰ ਦੀ ਵਾਸਤੂਕਲਾ ਰਚਨਾ ਦੇ ਰੂਪ ਵਿਚ ਦਰਸਾਇਆ ਗਿਆ ਹੈ। ਉਸ ਨੇ ਨੀਂਹ ਰੱਖੀ ਅਤੇ ਇਸ ਦੇ ਮਾਪਾਂ ਦੀ ਸਥਾਪਨਾ ਕੀਤੀ। ਉਸ ਨੇ ਇਸ ਦੀਆਂ ਨੀਂਹਾਂ ਨੂੰ ਧਾਰਾਸ਼ਾਹੀ ਕਰ ਦਿੱਤਾ ਅਤੇ ਇਸ ਦੇ ਕੋਨੇ ਦੇ ਪੱਥਰ ਨੂੰ ਰੱਖਿਆ।

*ਸਮੁੰਦਰ ਨੂੰ ਬੰਦ ਕਰਨਾ* (38:8-11)। ਸਮੁੰਦਰ ਦੀ ਰਚਨਾ ਦਾ ਕੁੱਖ ਵਿੱਚੋਂ ਨਿੱਕਲਣ ਵਾਲੇ ਇਕ ਬੱਚੇ ਦੇ ਰੂਪ ਵਿਚ ਕੀਤਾ ਗਿਆ ਹੈ। ਇਹ ਕਾਲੇ ਬੱਦਲਾਂ ਵਿਚ ਲਪੇਟਿਆ ਹੋਇਆ ਸੀ ਜਿਵੇਂ ਕਿ ਇਕ ਬੱਚੇ ਨੂੰ ਕੱਪੜੇ ਵਿਚ ਲਪੇਟਿਆ ਹੁੰਦਾ ਹੈ। ਸਮੁੰਦਰ ਉੱਤੇ ਪਰਮੇਸ਼ੁਰ ਦੀ ਕਾਰੀਗਰੀ ਇਸ ਤੱਥ ਵਿਚ ਨਜ਼ਰ ਆਉਂਦੀ ਹੈ ਕਿ ਉਸ ਨੇ ਇਸ ਦੀਆਂ ਹੱਦਾਂ ਠਹਿਰਾਈਆਂ। ਇਸ ਨੂੰ ਇਸ ਦੇ ਕਬਜ਼ਿਆਂ ਤੇ ਇਕ ਦਰਵਾਜੇ ਨੂੰ ਖੜ੍ਹਾ ਕਰਨ ਅਤੇ ਇਸ ਨੂੰ ਬੰਦ ਕਰਨ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ।

*ਸਵੇਰ ਚੜ੍ਹਾਉਣਾ* (38:12-15)। ਚੜ੍ਹਦੇ ਸੂਰਜ ਦੁਆਰਾ ਪ੍ਰਕਾਸ਼ਤ ਧਰਤੀ ਦੇ ਨਜ਼ਾਰੇ ਇਕ ਮੋਹਰ ਦੁਆਰਾ ਮਿੱਟੀ ਵਿਚ ਬਣੇ ਪ੍ਰਭਾਵਾਂ ਦੀ ਤਰ੍ਹਾਂ ਵੱਖਰੇ ਹੋ ਜਾਂਦੇ ਹਨ। ਪਰਮੇਸ਼ੁਰ ਦੁਸ਼ਟ ਲੋਕਾਂ ਦੇ ਭੈੜੇ ਕੰਮਾਂ ਦਾ ਪਰਦਾਫਾਸ਼ ਕਰਨ ਅਤੇ ਉਨ੍ਹਾਂ ਨੂੰ ਬਰਬਾਦ ਕਰਨ ਲਈ ਚਮਕਦਾਰ ਰੋਸ਼ਨੀ ਦੀ ਵਰਤੋਂ ਕਰਦਾ ਹੈ।

*ਡੂੰਘੀਆਂ ਥਾਵਾਂ ਵਿਚ ਵੜਨਾ* (38:16-18)। ਪਰਮੇਸ਼ੁਰ ਸਮੁੰਦਰ ਦੀਆਂ ਡੂੰਘਿਆਈਆਂ ਦੇ ਨਾਲ ਨਾਲ ਧਰਤੀ ਦੀਆਂ ਡੂੰਘਿਆਈਆਂ ਉੱਤੇ ਰਾਜ ਕਰਦਾ ਹੈ। ਮੁਰਦਿਆਂ ਦੇ ਖੇਤਰ, ਜਿਵੇਂ ਕਿ ਇਹ ਸ਼ਹਿਰ, ਨੂੰ ਇਕ ਦਰਵਾਜ਼ੇ ਵਜੋਂ ਦਰਸਾਇਆ ਗਿਆ ਹੈ ਜਿਸ ਦੇ ਵਿੱਚੋਂ ਦੀ ਇਕ ਵਿਅਕਤੀ ਦਾਖਲ ਹੁੰਦਾ ਹੈ। ਹਾਲਾਂਕਿ ਅੱਯੂਬ ਨੇ ਸ਼ੀਓਲ ਬਾਰੇ ਬਹੁਤ ਗੱਲਾਂ ਕੀਤੀਆਂ ਸਨ, ਉਸ ਦੇ ਕੋਲ ਇਸ ਜਗ੍ਹਾ ਦਾ ਕੋਈ ਪਹਿਲਾ ਅਨੁਭਵ ਨਹੀਂ ਸੀ।

*ਚਾਨਣ ਅਤੇ ਅਨ੍ਹੇਰੇ ਦੀ ਵੱਸੋਂ ਵਾਲੇ ਅਸਥਾਨਾਂ ਨੂੰ ਜਾਣਨਾ* (38:19-21)। ਚਾਨਣ ਅਤੇ

ਅਨ੍ਹੇਰੇ ਨੂੰ, ਜੋ ਕਿ ਪਰਮੇਸ਼ੁਰ ਨੇ ਬਣਾਇਆ ਹੈ, ਘਰਾਂ ਵਿਚ ਰਹਿਣ ਵਾਲੇ ਵਿਅਕਤੀਆਂ ਵਜੋਂ ਪੇਸ਼ ਕੀਤਾ ਗਿਆ ਹੈ। ਹਰ ਸਵੇਰ ਨੂੰ, ਚਾਨਣ ਧਰਤੀ ਨੂੰ ਰੌਸ਼ਨ ਕਰਨ ਲਈ ਆਪਣਾ ਰਹਿਣ ਵਾਲਾ ਸਥਾਨ ਛੱਡਦਾ ਹੈ ਅਤੇ ਫਿਰ ਉਸੇ ਸ਼ਾਮ ਨੂੰ ਘਰ ਪਰਤ ਜਾਂਦਾ ਹੈ। ਫਿਰ ਸਵੇਰ ਤੱਕ ਅਨ੍ਹੇਰੇ ਦੀ ਵਾਰੀ ਹੁੰਦੀ ਹੈ। ਪਰਮੇਸ਼ੁਰ ਦੇ ਹੁਕਮ ਤੇ ਅਨ੍ਹੇਰਾ ਅਤੇ ਚਾਨਣ ਨਿਰੰਤਰ ਕੰਮ ਕਰਦੇ ਹਨ।

*ਬਰਫ਼ ਅਤੇ ਗੜਿਆਂ ਦੇ ਖ਼ਜ਼ਾਨਿਆਂ ਵਿਚ ਦਾਖਲ ਹੋਣਾ* (38:22-24)। ਬਰਫ਼ ਅਤੇ ਗੜਿਆਂ ਨੂੰ ਪਰਮੇਸ਼ੁਰ ਦੇ ਅਸਲੇਖਾਨੇ ਵਿਚ ਸਟੋਰ ਕੀਤੇ ਗਏ ਹਥਿਆਰਾਂ ਵਜੋਂ ਵੇਖਿਆ ਜਾਂਦਾ ਹੈ ਜੋ ਯੁੱਧ ਦੇ ਸਮੇਂ ਉਸ ਦੀ ਵਰਤੋਂ ਲਈ ਤਿਆਰ ਹੁੰਦੇ ਹਨ। ਪੁਰਾਣੇ ਨੇਮ ਵਿਚ, ਪਰਮੇਸ਼ੁਰ ਅਕਸਰ ਲੋਕਾਂ ਦੀ ਲੜਾਈ ਵਿਚ ਸਹਾਇਤਾ ਲਈ ਮੌਸਮ ਨੂੰ ਬਦਲ ਦਿੰਦਾ ਸੀ। ਉਸ ਨੇ ਮੀਂਹ ਅਤੇ ਗੜੇ ਭੇਜੇ ਅਤੇ ਇੱਥੋਂ ਤੱਕ ਕਿ ਇਸਰਾਏਲ ਨੂੰ ਬਚਾਉਣ ਲਈ ਸੂਰਜ ਨੂੰ ਇਕ ਥਾਂ ਖੜ੍ਹਾ ਕਰ ਦਿੱਤਾ।

*ਮੀਂਹ ਵਰ੍ਹਾਉਣਾ* (38:25-30)। ਮੀਂਹ ਨੂੰ ਇਕ ਨਾਲੇ ਦੇ ਰੂਪ ਵਿਚ ਦਰਸਾਇਆ ਗਿਆ ਹੈ ਜੋ ਅਕਾਸ਼ ਤੋਂ ਵਹਿੰਦਾ ਹੈ ਅਤੇ ਸੁੱਕੀ ਅਤੇ ਪਿਆਸੀ ਭੂਮੀ ਨੂੰ ਪਾਣੀ ਦਿੰਦਾ ਹੈ। ਪਰਮੇਸ਼ੁਰ ਅਜਿਹੀਆਂ ਉਜਾੜ ਥਾਵਾਂ ਨੂੰ ਸਿੰਜਦਾ ਹੈ ਅਤੇ ਉਨ੍ਹਾਂ ਜੀਵਾਂ ਲਈ ਆਪਣਾ ਪਿਆਰ ਚਿੰਤਾ ਵਿਖਾਉਂਦਾ ਹੈ ਜਿਹੜੇ ਅਜਿਹੀਆਂ ਥਾਵਾਂ ਵਿਚ ਵੱਸਦੇ ਹਨ। ਇਹੀ ਉਹ ਪਰਮੇਸ਼ੁਰ ਹੈ ਜਿਹੜਾ ਹੋਰ ਕਈ ਰੂਪਾਂ ਵਿਚ ਨਮੀ ਦਿੰਦਾ ਹੈ: ਤ੍ਰੇਲ, ਕੱਕਰ ਅਤੇ ਬਰਫ਼।

*ਤਾਰਿਆਂ ਨੂੰ ਨਿਯੰਤ੍ਰਿਤ ਕਰਨਾ* (38:31-33)। ਤਾਰਿਆਂ (ਕੱਚਪਚਿਆਂ, ਸਪਤ੍ਰਿਖ ਅਤੇ ਮੱਜ਼ਰੋਥ) ਦੇ ਮੰਡਲ ਉੱਤੇ ਪਰਮੇਸ਼ੁਰ ਦਾ ਨਿਯੰਤਰਣ ਉਸ ਦੁਆਰਾ ਸਥਾਪਿਤ ਕੀਤੇ ਨਿਯਮਾਂ ਦੁਆਰਾ ਨਿਸ਼ਚਤ ਕੀਤਾ ਗਿਆ ਹੈ। ਸਿਰਫ ਉਸ ਕੋਲ ਬੰਨ੍ਹਣ, ਖੋਲ੍ਹਣ, ਅਗਵਾਈ ਕਰਨ ਅਤੇ ਮਾਰਗ ਦਰਸ਼ਨ ਕਰਨ ਦੀ ਸ਼ਕਤੀ ਹੈ। ਤਾਰਾਮੰਡਲ ਆਪਣੇ ਮਾਲਕ ਦੀ ਦੇਖਰੇਖ ਵਿਚ ਪੱਟੇ ਤੇ ਬੰਨ੍ਹੇ ਪਾਲਤੂ ਜਾਨਵਰਾਂ ਦੀ ਤਰ੍ਹਾਂ ਹਨ।

*ਬੱਦਲਾਂ ਨੂੰ ਹੁਕਮ ਦੇਣਾ* (38:34-38)। ਪਰਮੇਸ਼ੁਰ ਬੱਦਲਾਂ ਉੱਤੇ ਰਾਜ ਕਰਦਾ ਹੈ ਤਾਂ ਜੋ ਉਹ ਉਸ ਦੇ ਹੁਕਮ ਉੱਤੇ ਮੀਂਹ ਵਰ੍ਹਾਉਣ। ਜਦੋਂ ਇਸ ਤਰ੍ਹਾਂ ਹੁੰਦਾ ਹੈ, ਤਾਂ ਇੰਝ ਲੱਗਦਾ ਹੈ ਕਿ ਪਾਣੀ ਦੇ ਘੜੇ ਨੂੰ ਧਰਤੀ ਉੱਤੇ ਮੀਂਹ ਵਿਚ ਵਹਾ ਦਿੱਤਾ ਗਿਆ ਹੈ।

*ਸਿੱਟਾ*। ਪਰਮੇਸ਼ੁਰ ਨੇ ਅੱਯੂਬ ਨੂੰ ਜੋ ਪ੍ਰਸ਼ਨ ਪੁੱਛੇ ਉਨ੍ਹਾਂ ਕਰਕੇ ਅੱਯੂਬ ਨਿਮਰ ਹੋ ਗਿਆ; ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਸ ਨੂੰ ਆਪਣੀਆਂ ਮਨੁੱਖੀ ਕਮੀਆਂ ਬਾਰੇ ਚੇਤੇ ਕਰਾਇਆ ਗਿਆ ਸੀ (38:21)। ਅੱਯੂਬ ਉਨ੍ਹਾਂ ਚੀਜ਼ਾਂ ਬਾਰੇ ਕਾਹਲੀ ਨਾਲ ਬੋਲਿਆ ਸੀ ਜਿਨ੍ਹਾਂ ਨੂੰ ਉਹ ਨਹੀਂ ਸਮਝਿਆ ਸੀ (38:2)। ਪਰਮੇਸ਼ੁਰ ਨੇ ਅੱਯੂਬ ਨੂੰ ਜੋ ਪ੍ਰਸ਼ਨ ਪੁੱਛੇ ਉਨ੍ਹਾਂ ਤੋਂ ਸਾਨੂੰ ਇਹ ਅੰਦਾਜ਼ਾ ਲਾਉਣਾ ਚਾਹੀਦਾ ਹੈ ਕਿ ਪਰਮੇਸ਼ੁਰ ਅਸਲ ਵਿਚ ਕਿੰਨਾ ਮਹਾਨ ਹੈ ਅਤੇ ਨਾਲ ਹੀ ਅਸੀਂ ਕਿੰਨੇ ਕਮਜ਼ੋਰ ਹਾਂ। ਸਾਡੇ ਲਈ ਸੰਦੇਸ਼ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਆਪਣੇ ਪਿਆਰੇ ਅਤੇ ਵਫ਼ਾਦਾਰ ਸਿਰਜਣਹਾਰ ਨੂੰ ਸੌਂਪ ਦੇਈਏ। ਪਰਮੇਸ਼ੁਰ ਸਾਡੇ ਜੀਵਨਾਂ ਵਿਚ ਆਪਣੀ ਇੱਛਾ ਨੂੰ ਪੂਰਾ ਕਰੇ! ਡੀ. ਸਟੀਵਰਟ

---

ਟਿੱਪਣੀਆਂ

[1]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 692. [2]ਐਡਵਿਨ ਐਮ. ਗੁਡ, *ਆਈਰਨੀ ਇਨ ਦਿ ਓਲਡ ਟੈਸਟਾਮੈਂਟ* (ਫਿਲਾਡੈਲਫੀਆ: ਦ ਵੈਸਟਮਿੰਸਟਰ ਪ੍ਰੈਸ, 1965), 235. [3]ਰੌਬਰਟ ਐਚ. ਪੀਫੀਫਰ, *ਇੰਟਰੋਡਕਸ਼ਨ ਟੂ ਦਿ ਓਲਡ ਟੈਸਟਾਮੈਂਟ*, ਦੂਜਾ

ਸੰਪਾਦਨ (ਨਿਊ ਯਾਰਕ: ਹਾਰਪਰ ਐਂਡ ਬਰੱਦਰਜ਼ ਪਬਲਿਸ਼ਰਜ਼, 1941), 691. [4]ਆਰ. ਏ. ਐਫ. ਮਕੈਂਜ਼ੀ, "ਦ ਪਰਪਜ ਆਫ਼ ਦ ਯਾਹਵੇ ਸਪੀਚਜ ਇਨ ਦ ਬੁਕ ਆਫ਼ *ਅੱਯੂਬ*," *ਬਿਬਲਿਕਾ* 40 (1959), 441. [5]ਉਸੇ ਸਥਾਨ ਤੇ, 441-42. [6]ਗੁਡ, 31-32. [7]ਸ਼ਾਇਦ ਯਿਸੂ ਦੇ ਸ਼ਬਦ ਯਹੋਵਾਹ ਦੇ ਪ੍ਰਸ਼ਨਾਂ ਵਿਚ ਇਨ੍ਹਾਂ ਜਾਨਵਰਾਂ ਦੀ ਵਰਤੋਂ ਨੂੰ ਸਮਝਣ ਵਿਚ ਸਾਡੀ ਮਦਦ ਕਰ ਸਕਦੇ ਹਨ: "ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਵਾਂਗੇ ਯਾ ਕੀ ਪੀਵਾਂਗੇ ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ, ਪ੍ਰਾਣ ਭੋਜਨ ਨਾਲੋਂ ਅਤੇ ਸਰੀਰ ਬਸਤ੍ਰ ਨਾਲੋਂ ਵਧੀਕ ਨਹੀਂ? ਅਕਾਸ਼ ਦੇ ਪੰਛੀਆਂ ਵੱਲ ਧਿਆਨ ਕਰੋ ਜੋ ਓਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿਚ ਇਕੱਠੇ ਕਰਦੇ ਹਨ ਅਰ ਤੁਹਾਡਾ ਸੁਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ। ਭਲਾ, ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ?" (ਮੱਤੀ 6:25, 26)। [8]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 269. [9]ਰੀਬਰਨ, 693. [10]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 495, ਨੰ 21.

[11]ਉਸੇ ਸਥਾਨ ਤੇ, 496. [12]ਰੀਬਰਨ, 705. [13]ਉਸੇ ਸਥਾਨ ਤੇ। [14]ਸੈਮੂਏਲ ਕੌਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 517. [15]ਹਾਰਟਲੀ, 502. [16]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 337. [17]ਐਂਡਰਸਨ, 278. [18]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 377. [19]ਤਾਰਿਆਂ ਦਾ ਇਹ ਛੋਟਾ ਜਿਹਾ ਸਮੂਹ ਟੌਰਸ ਗ੍ਰਹਿ ਦਾ ਹਿੱਸਾ ਹੈ। ਇਕ ਪ੍ਰਾਚੀਨ ਮਿੱਥ ਵਿਚ ਕਿਹਾ ਗਿਆ ਹੈ ਕਿ ਸੱਤ ਭੈਣਾਂ ਨੂੰ ਓਰੀਅਨ ਤੋਂ ਬਚਾਉਣ ਲਈ ਦੇਵਤਿਆਂ ਦੁਆਰਾ ਤਾਰੇ ਬਣਾਏ ਗਏ ਸਨ। ਇਕ ਲੁਕਿਆ ਹੋਇਆ ਸੀ। (ਰੀਬਰਨ ਦੀ ਪੁਸਤਕ ਦਾ ਸਫ਼ਾ 781 ਵੇਖੋ।) [20]ਓਰੀਅਨ ਦ ਹੰਟਰ ਇਕ ਹੱਥ ਵਿਚ ਇਕ ਡੰਡਾ ਚੁੱਕਦਾ ਹੈ ਅਤੇ ਦੂਜੇ ਹੱਥ ਵਿਚ ਇਕ ਬਬਰ ਸ਼ੇਰ ਦੀ ਖੱਲ ਰੱਖਦਾ ਹੈ। ਤਾਰੇ ਉਸ ਦੀ ਪੇਟੀ ਦੇ ਨਾਲਾ ਨਾਲ ਤਲਵਾਰ ਵੀ ਬਣਦੇ ਹਨ। (ਉਸੇ ਸਥਾਨ ਤੇ, 782.)

[21]ਸਭ ਤੋਂ ਅਸਾਨੀ ਨਾਲ ਵੇਖੇ ਜਾਣ ਵਾਲੇ ਤਾਰਿਆਂ ਨੂੰ ਬਿਗ ਡਿੱਪਰ (ਵੱਡੇ ਜੱਬਾਰ ਦੀ ਪੂਛ) ਅਤੇ ਲਿਟਲ ਡਿੱਪਰ (ਛੋਟਾ ਜੱਬਾਰ) ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਛੋਟੇ ਜੱਬਾਰ ਦੀ ਪੂਛ ਨੋਰਥ ਸਟਾਰ (ਧਰੂ ਤਾਰਾ) ਪੋਲਾਰਿਸ ਨਾਲ ਖਤਮ ਹੁੰਦੀ ਹੈ। ਇਨ੍ਹਾਂ ਤਾਰਿਆਂ ਨੂੰ ਉਰਸਾ ਮੇਜਰ ਅਤੇ ਉਰਸਾ ਮਾਈਨਰ ਵਜੋਂ ਵੀ ਜਾਣਿਆ ਜਾਂਦਾ ਹੈ। (ਉਸੇ ਸਥਾਨ ਤੇ, 783.) [22]ਉਸੇ ਸਥਾਨ ਤੇ, 713. [23]ਸੈਮੂਏਲ ਰੋਲਸ ਡਰਾਈਵਰ ਅਤੇ ਜੌਰਜ ਬੁਚਨਨ ਗਰੇਅ, *ਏ ਕ੍ਰਿਟੀਕਲ ਐਂਡ ਐਕਸਜੈਟੀਕਲ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1921), 335. [24]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 315. [25]ਫ੍ਰਾਂਸਿਸ ਬਰਾਉਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1968) ਦੇ ਸਫ਼ੇ 376, 967 ਵੇਖੋ। ਇਕ ਹੋਰ ਵਿਆਖਿਆ ਇਹ ਹੈ ਕਿ ਇਹ ਸ਼ਬਦ "ਸਾਰਸ ਦੀ ਕਿਸਮ ਦੇ ਇਕ ਪੰਛੀ" ਅਤੇ "ਕੁੱਕੜ" ਨਾਲ ਸੰਬੰਧਤ ਹਨ ਜੋ ਕਿ ਦੋ ਅਜਿਹੇ ਪੰਛੀ ਹਨ ਜਿਹੜੇ "ਸਿਆਣਪ ਲਈ ਮਸ਼ਹੂਰ ਹਨ ਅਤੇ ਮੌਸਮ ਵਿਚ ਤਬਦੀਲੀਆਂ ਦੀ ਘੋਸ਼ਣਾ ਕਰਨ ਨਾਲ ਜੁੜੇ ਹੋਏ ਹਨ" (ਹਾਰਟਲੀ, 501, ਨੰ.)। [26]ਰਾਉਲੀ, 317.